Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 117 13/09/2025 www.samajweekly.com samajweekly @samajweekly samajweekly

# ਸੁਸ਼ੀਲਾ ਕਾਰਕੀ ਬਣੀ ਨੇਪਾਲ ਦੀ ਅੰਤਰਿਮ ਪ੍ਰਧਾਨ ਮੰਤਰੀ

## ਸੁਪਰੀਮ ਕੋਰਟ ਦੀ ਸਾਬਕਾ ਚੀਫ਼ ਜਸਟਿਸ ਹੈ ਸੁਸ਼ੀਲਾ ਕਾਰਕੀ

**ਨੇਪਾਲ।** ਹਿੰਸਕ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਕੇ ਪੀ ਸ਼ਰਮਾ ਓਲੀ ਸਰਕਾਰ ਦੇ ਡਿੱਗਣ ਤੋਂ ਬਾਅਦ ਨੇਪਾਲ ਵਿੱਚ ਰਾਜਨੀਤਿਕ ਅਨਿਸ਼ਚਿਤਤਾ ਨੂੰ ਖਤਮ ਕਰਦੇ ਹੋਏ, ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਦੀ ਸਾਬਕਾ ਚੀਫ਼ ਜਸਟਿਸ ਸੁਸ਼ੀਲਾ ਕਾਰਕੀ ਨੂੰ ਅੰਤਰਿਮ ਪ੍ਰਧਾਨ ਮੰਤਰੀ ਨਿਯੁਕਤ ਕੀਤਾ, ਜਿਸ ਨਾਲ ਉਹ ਦੇਸ਼ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਬਣ ਗਈ। ਸ਼ੀਲਾ ਕਾਰਕੀ ਦੇ ਪਤੀ ਨੇ ਦੇਸ਼ ਵਿੱਚੋਂ ਤਾਨਾਸ਼ਾਹੀ ਰਾਜ ਖਤਮ ਕਰਨ ਲਈ ਕੀਤਾ ਸੀ ਜਹਾਜ਼ ਅਗਵਾ ਸਾਬਕਾ ਚੀਫ ਜਸਟਿਸ ਅਤੇ ਹੁਣ ਨੇਪਾਲ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਸੁਸ਼ੀਲਾ ਕਾਰਕੀ ਬਾਰੇ ਇਕ ਹੈਰਾਨੀਜਨਕ ਪ੍ਰਗਟਾਵਾ ਹੋਇਆ ਹੈ। ਨੇਪਾਲ ਦੇ ਸਿਆਸੀ ਇਤਿਹਾਸ ਵਿਚ ਸਭ ਤੋਂ ਹੈਰਾਨ ਕਰਨ ਵਾਲੇ ਪ੍ਰਗਟਾਵੇ ਦੇ ਰੂਪ ਵਿਚ ਸਾਹਮਣੇ ਆਇਆ ਹੈ ਕਿ ਕਾਰਕੀ ਦਾ ਪਤੀ ਦੁਰਗਾ ਪ੍ਰਸਾਦ ਸੁਬੇਦੀ ਉਨ੍ਹਾਂ ਤਿੰਨ ਵਿਅਕਤੀਆਂ 'ਚੋਂ ਇਕ ਸੀ ਜਿਨ੍ਹਾਂ ਨੇ 1973 ਵਿਚ ਦੇਸ਼ ਦਾ ਪਹਿਲਾ ਜਹਾਜ਼ ਅਗਵਾ ਕੀਤਾ ਸੀ। ਦੱਸਣਯੋਗ ਹੈ ਕਿ 10 ਜੂਨ 1973 ਨੂੰ ਬਾਲੀਵੁੱਡ ਅਦਾਕਾਰਾ ਮਾਲਾ ਸਿਨਹਾ ਸਮੇਤ 19 ਲੋਕਾਂ ਨੂੰ ਲੈ ਕੇ ਰਾਇਲ ਨੇਪਾਲ ਏਅਰਲਾਈਨਜ਼ ਦੇ ਇਕ ਮੁਸਾਫ਼ਰ ਜਹਾਜ਼ ਨੂੰ ਅਗਵਾ ਕਰ ਲਿਆ ਗਿਆ ਸੀ। ਉਸ ਸਮੇਂ ਨੇਪਾਲੀ ਕਾਂਗਰਸ ਦੇ ਨੌਜੁਆਨ ਨੇਤਾ



ਸੁਬੇਦੀ ਨੇ ਬਸੰਤ ਭੱਟਾਰਾਏ ਅਤੇ ਨਾਗੇਂਦਰ ਪ੍ਰਸਾਦ ਧੁੰਗਲ ਦੇ ਨਾਲ ਮਿਲ ਕੇ ਪਾਇਲਟ ਨੂੰ ਕਾਠਮੰਡੂ ਜਾਣ ਵਾਲੇ ਜਹਾਜ਼ ਨੂੰ ਭਾਰਤ ਦੇ ਬਿਹਾਰ ਦੇ ਫੋਰਬਸਗੰਜ ਵਲ ਮੋੜਨ ਲਈ ਮਜਬੂਰ ਕੀਤਾ ਸੀ। ਨਿਸ਼ਾਨਾ ਮੁਸਾਫ਼ਰ ਨਹੀਂ ਬਲਕਿ ਨੇਪਾਲ ਰਾਸ਼ਟਰ ਬੈਂਕ ਵਲੋਂ ਜਹਾਜ਼ ਅੰਦਰ ਲੈ ਕੇ ਜਾਏ ਜਾ ਰਹੇ 30 ਲੱਖ ਰੁਪਏ ਦੀ ਨਕਦੀ ਸੀ। ਇਹ ਪੈਸਾ ਰਾਜਾ ਮਹਿੰਦਰ ਦੀ ਅਗਵਾਈ ਵਾਲੀ ਤਾਨਾਸ਼ਾਹੀ ਪੰਚਾਇਤ ਪ੍ਰਣਾਲੀ ਨੂੰ ਉਲਟਾਉਣ ਅਤੇ ਬਹੁ-ਪਾਰਟੀ ਲੋਕਤੰਤਰ ਨੂੰ ਬਹਾਲ ਕਰਨ ਲਈ ਨੇਪਾਲੀ ਕਾਂਗਰਸ ਦੀ ਭੂਮੀਗਤ ਮੁਹਿੰਮ ਲਈ ਫੰਡ ਦੇਣ ਲਈ ਜ਼ਬਤ ਕੀਤਾ ਗਿਆ ਸੀ। ਭਵਿੱਖ ਦੇ ਪ੍ਰਧਾਨ ਮੰਤਰੀ ਗਿਰੀਜਾ ਪ੍ਰਸਾਦ ਕੋਇਰਾਲਾ ਅਤੇ ਸੁਸ਼ੀਲ ਕੋਇਰਾਲਾ ਸਮੇਤ ਨੇਪਾਲ ਦੇ ਹੋਰ ਕਾਂਗਰਸੀ ਨੇਤਾਵਾਂ ਦੀ ਮਦਦ ਨਾਲ ਲੁੱਟ ਨੂੰ ਗੁਪਤ ਰੂਪ ਵਿਚ ਦਾਰਜੀਲਿੰਗ ਲਿਜਾਣ ਤੋਂ ਬਾਅਦ, ਅਗਵਾਕਾਰ ਲੁਕ ਗਏ। ਇਕ ਸਾਲ ਦੇ ਅੰਦਰ, ਬਹੁਤਿਆਂ ਨੂੰ ਭਾਰਤ ਵਿਚ ਗ੍ਰਿਫਤਾਰ ਕਰ ਲਿਆ ਗਿਆ, ਹਾਲਾਂਕਿ ਬਾਅਦ ਵਿਚ 1975 ਵਿਚ ਭਾਰਤ ਵਿਚ ਐਮਰਜੰਸੀ ਦੀ ਮਿਆਦ ਹਟਾਉਣ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿਤਾ ਗਿਆ ਸੀ। ਇਸ ਘਟਨਾ ਨੂੰ ਨੇਪਾਲ ਦੇ ਲੋਕਤੰਤਰ ਪੱਖੀ ਅੰਦੋਲਨ ਵਿਚ ਇਕ ਮਹੱਤਵਪੂਰਨ ਮੋੜ ਵਜੋਂ ਦਰਸਾਇਆ ਗਿਆ ਹੈ। ਇਸ ਵਿਚ ਸ਼ਾਮਲ ਜਹਾਜ਼ 2014 ਦੇ ਹਾਦਸੇ ਵਿਚ ਤਬਾਹ ਹੋਣ ਤੋਂ ਪਹਿਲਾਂ ਚਾਰ ਹੋਰ ਦਹਾਕਿਆਂ ਤਕ ਉਡਾਣ ਭਰਦਾ ਰਿਹਾ। ਇਸ ਦੇ ਅਵਸ਼ੇਸ਼ ਹੁਣ ਕਾਠਮੰਡੂ ਦੇ ਇਕ ਅਜਾਇਬ ਘਰ ਵਿਚ ਪ੍ਰਦਰਸ਼ਿਤ ਕੀਤੇ ਗਏ ਹਨ।

# ਅਦਾਲਤ ਨੇ ਆਪ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਸੁਣਾਈ 4 ਸਾਲ ਦੀ ਸਜ਼ਾ

**ਚੰਡੀਗੜ੍ਹ।** ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਨੂੰ ਉਸਮਾਂ ਕਾਂਡ ਮਾਮਲੇ ਵਿਚ ਤਰਨ-ਤਾਰਨ ਅਦਾਲਤ ਵੱਲੋਂ 4 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। 12 ਸਾਲ ਪਹਿਲਾਂ ਇੱਕ ਔਰਤ ਨਾਲ ਕੁੱਟਮਾਰ ਕਰਨ ਅਤੇ ਛੇੜਛਾੜ ਕਰਨ ਦੇ ਦੋਸ਼ ਵਿੱਚ 10 ਸਤੰਬਰ ਨੂੰ ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਸੀ, ਜਿਸ



ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਇਹ ਮਾਮਲਾ 2013 ਦਾ ਹੈ। ਉਸ ਸਮੇਂ ਵਿਧਾਇਕ ਲਾਲਪੁਰਾ ਇੱਕ ਟੈਕਸੀ ਡਰਾਈਵਰ ਸੀ। ਉਸ ਤੇ ਇੱਕ ਵਿਆਹ ਵਿੱਚ ਸ਼ਾਮਲ ਹੋਣ ਆਈ ਇੱਕ ਕੁੜੀ ਨਾਲ ਕੁੱਟਮਾਰ ਕਰਨ ਦੇ ਦੋਸ਼ ਲੱਗੇ ਸਨ। ਕੁੜੀ ਨੇ ਟੈਕਸੀ ਡਰਾਈਵਰਾਂ ਤੇ ਛੇੜਛਾੜ ਦੇ ਵੀ ਦੋਸ਼ ਲਗਾਏ ਸਨ। ਅਦਾਲਤ ਨੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਤੋਂ ਇਲਾਵਾ ਪੰਜ ਪੁਲੀਸ ਮੁਲਾਜ਼ਮਾਂ ਦਵਿੰਦਰ ਕੁਮਾਰ, ਸਾਰਜ ਸਿੰਘ, ਅਸ਼ਵਨੀ ਕੁਮਾਰ, ਤਰਸੇਮ ਸਿੰਘ ਅਤੇ ਹਰਜਿੰਦਰ ਸਿੰਘ ਨੂੰ ਵੀ ਦੋਸ਼ੀ ਠਹਿਰਾਇਆ।

# ਸੁਪਰੀਮ ਕੋਰਟ ਵੱਲੋਂ ਅਦਾਕਾਰ ਤੇ ਸਿਆਸਤਦਾਨ ਕੰਗਨਾ ਰਣੌਤ ਨੂੰ ਝਟਕਾ

### ਬਠਿੰਡਾ ਦੀ ਅਦਾਲਤ ਵਿੱਚ ਮਾਣਹਾਨੀ ਦੇ ਕੇਸ ਦੀ ਸੁਣਵਾਈ ਲਈ ਰਾਹ ਪੱਧਰਾ

**ਚੰਡੀਗੜ੍ਹ।** ਸੁਪਰੀਮ ਕੋਰਟ ਨੇ ਅੱਜ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਦੀ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ ਜੋ ਸੰਸਦ ਮੈਂਬਰ ਕੰਗਨਾ ਲਈ ਵੱਡਾ ਝਟਕਾ ਹੈ। ਕੰਗਨਾ ਰਣੌਤ ਨੇ ਲੰਘੇ ਕੱਲ੍ਹ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰਕੇ



ਬਠਿੰਡਾ ਦੀ ਅਦਾਲਤ ਵਿਚ ਦਾਇਰ ਅਪਰਾਧਿਕ ਸ਼ਿਕਾਇਤ ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਦੇ ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਕੰਗਨਾ ਨੇ ਸਿਰਫ਼ ਰੀਟਵੀਟ ਹੀ ਨਹੀਂ ਕੀਤਾ ਬਲਕਿ ਉਸ 'ਚ ਮਸਲਾ ਵੀ ਪਾਇਆ। ਬੈਂਚ ਨੇ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕੰਗਨਾ ਰਣੌਤ ਦੀ ਪਟੀਸ਼ਨ ਰੱਦ ਹੋਣ ਨਾਲ ਹੁਣ ਬਠਿੰਡਾ ਦੇ ਜੁਡੀਸ਼ਲ ਮੈਜਿਸਟਰੇਟ (ਫ਼ਸਟ ਕਲਾਸ) ਦੀ ਅਦਾਲਤ ਵਿੱਚ ਕੰਗਨਾ ਰਣੌਤ ਖ਼ਿਲਾਫ਼ ਚੱਲ ਰਹੇ ਮਾਣਹਾਨੀ ਦੇ ਕੇਸ ਦੀ ਸੁਣਵਾਈ ਲਈ ਰਾਹ ਪੱਧਰਾ ਹੋ ਗਿਆ ਹੈ।

# ਮੀਂਹ ਅਤੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਘਟਿਆ, ਪੰਜਾਬ ਨੂੰ ਮਿਲੀ ਰਾਹਤ

**ਚੰਡੀਗੜ੍ਹ।** ਮੀਂਹ ਅਤੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਘਟਣ ਨਾਲ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਤੋਂ ਰਾਹਤ ਮਿਲਣੀ ਸ਼ੁਰੂ ਹੋ ਗਈ ਹੈ। ਹੜ੍ਹ ਬਾਰੇ ਤਾਜ਼ਾ ਰਿਪੋਰਟ ਮੁਤਾਬਕ ਪਿਛਲੇ 24 ਘੰਟਿਆਂ ਦੌਰਾਨ ਕੋਈ ਹੋਰ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਨਾ ਹੀ ਕੋਈ ਹੋਰ ਫ਼ਸਲੀ ਖੇਤਰ ਪ੍ਰਭਾਵਿਤ ਹੋਇਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਰਾਹਤ ਕੈਂਪਾਂ ਵਿੱਚ ਰਹਿ ਰਹੇ ਲੋਕ ਲਗਾਤਾਰ ਆਪਣੇ ਘਰਾਂ ਨੂੰ ਪਰਤ ਰਹੇ ਹਨ, ਜਿਸ ਦੇ ਨਤੀਜੇ ਵਜੋਂ ਕੈਂਪਾਂ ਦੀ ਗਿਣਤੀ 11 ਸਤੰਬਰ ਨੂੰ 111 ਤੋਂ ਘਟਾ ਕੇ 12 ਸਤੰਬਰ ਨੂੰ 100 ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 24 ਘੰਟਿਆਂ ਦੌਰਾਨ ਰਾਹਤ ਕੈਂਪਾਂ ਵਿੱਚੋਂ 460 ਵਿਅਕਤੀ ਆਪਣੇ ਘਰਾਂ ਨੂੰ ਪਰਤੇ ਹਨ ਜਿਸ ਤੋਂ ਸਾਫ਼ ਹੈ ਕਿ ਪਰਿਵਾਰਾਂ ਦੇ ਆਪਣੇ ਘਰਾਂ ਨੂੰ ਜਾਣ ਨਾਲ ਹੌਲੀ-ਹੌਲੀ ਸਥਿਤੀ ਆਮ ਵੱਲ ਵਧਣੀ ਸ਼ੁਰੂ ਹੋ ਗਈ ਹੈ। ਉਨ੍ਹਾਂ



ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਕੱਢੇ ਗਏ ਵਿਅਕਤੀਆਂ ਦੀ ਗਿਣਤੀ ਹੁਣ 23,340 ਹੋ ਗਈ ਹੈ। ਇਸ ਸਮੇਂ 4125 ਲੋਕ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ ਜਦੋਂ ਕਿ ਇੱਕ ਦਿਨ ਪਹਿਲਾਂ ਇਹ ਗਿਣਤੀ 4585 ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਿਆਂ ਦੀਆਂ ਰਿਪੋਰਟਾਂ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਕੋਈ ਹੋਰ ਫ਼ਸਲੀ ਖੇਤਰ ਪ੍ਰਭਾਵਿਤ ਹੋਣ ਦੀ ਰਿਪੋਰਟ ਨਹੀਂ ਹੈ ਅਤੇ ਪ੍ਰਭਾਵਿਤ ਫ਼ਸਲੀ ਖੇਤਰ ਕੱਲ੍ਹ ਜਿੰਨਾ ਯਾਨੀ 192380 ਹੈਕਟੇਅਰ ਰਿਕਾਰਡ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਜਲੰਧਰ ਤੋਂ ਇੱਕ ਵਿਅਕਤੀ ਦੇ ਲਾਪਤਾ ਹੋਣ ਦੀ ਰਿਪੋਰਟ ਸਾਹਮਣੇ ਆਈ ਹੈ, ਜਦਕਿ ਪਠਾਨਕੋਟ ਤੋਂ ਤਿੰਨ ਵਿਅਕਤੀ ਅਜੇ ਵੀ ਲਾਪਤਾ ਹਨ। ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਹੋਰ ਪਿੰਡ ਪ੍ਰਭਾਵਿਤ ਹੋਣ ਦੀ ਰਿਪੋਰਟ ਹੈ, ਜਿਸ ਨਾਲ 22 ਜ਼ਿਲ੍ਹਿਆਂ ਵਿੱਚ ਪ੍ਰਭਾਵਿਤ ਪਿੰਡਾਂ ਦੀ ਗਿਣਤੀ ਕੁੱਲ 2319 ਹੋ ਗਈ ਹੈ, ਜਦਕਿ ਪ੍ਰਭਾਵਿਤ ਆਬਾਦੀ 3,89,036 ਤੱਕ ਪਹੁੰਚ ਗਈ ਹੈ।

# ਡੋਨਾਲਡ ਟਰੰਪ ਦੇ ਸਹਿਯੋਗੀ ਚਾਰਲੀ ਕਿਰਕ ਨੂੰ ਕਤਲ ਕਰਨ ਵਾਲਾ ਗ੍ਰਿਫ਼ਤਾਰ

**ਅਮਰੀਕਾ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਰੀਬੀ ਸਹਿਯੋਗੀ ਅਤੇ ਰੂੜੀਵਾਦੀ ਨੇਤਾ ਚਾਰਲੀ ਕਿਰਕ ਦੀ ਹੱਤਿਆ ਦੇ ਦੋਸ਼ੀ ਟਾਈਲਰ ਰੌਬਿਨਸਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਘਟਨਾ ਯੂਟਾਹ ਵੈਲੀ ਯੂਨੀਵਰਸਿਟੀ ਵਿੱਚ ਸੈਂਕੜੇ ਲੋਕਾਂ ਦੇ ਸਾਹਮਣੇ ਵਾਪਰੀ, ਜਦੋਂ ਚਾਰਲੀ ਕਿਰਕ ਹਿੰਸਾ ਬਾਰੇ ਆਪਣੇ ਵਿਚਾਰ ਸਾਂਝੇ ਕਰ ਰਿਹਾ ਸੀ। ਉਸਦੀ ਗਰਦਨ ਵਿੱਚ ਗੋਲੀ ਮਾਰੀ ਗਈ ਅਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਐਫਬੀਆਈ ਨੇ ਪਹਿਲਾਂ ਹੀ ਦੋਸ਼ੀ ਦੀ ਫੋਟੋ ਜਾਰੀ ਕਰ ਦਿੱਤੀ ਸੀ ਅਤੇ ਇਨਾਮ ਦਾ ਐਲਾਨ ਵੀ ਕੀਤਾ ਗਿਆ ਸੀ।

**ਚਾਰਲੀ ਦਾ ਕਾਤਲ ਗ੍ਰਿਫ਼ਤਾਰ**

ਯੂਟਾਹ ਦੇ ਗਵਰਨਰ ਸਪੈਂਸਰ ਕੌਕਸ ਨੇ ਐਫਬੀਆਈ ਦੁਆਰਾ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਅਸੀਂ ਉਸਨੂੰ ਫੜ ਲਿਆ ਹੈ। ਉਸਨੇ ਦੱਸਿਆ ਕਿ ਟਾਈਲਰ ਰੌਬਿਨਸਨ ਦੇ ਪਰਿਵਾਰ ਨੇ ਪੁਲਿਸ ਨਾਲ ਸੰਪਰਕ ਕੀਤਾ ਅਤੇ ਦੱਸਿਆ ਕਿ ਰੌਬਿਨਸਨ ਨੇ ਇਹ ਦੋਸ਼ ਸਵੀਕਾਰ ਕਰ ਲਿਆ ਹੈ ਕਿ ਉਸਨੇ ਇਹ ਅਪਰਾਧ ਕੀਤਾ ਹੈ। 22



ਸਾਲਾ ਸ਼ੱਕੀ ਦਾ ਨਾਮ ਟਾਈਲਰ ਰੌਬਿਨਸਨ ਹੈ। ਉਸਦੀ ਫੋਟੋ ਐਫਬੀਆਈ ਦੁਆਰਾ ਜਾਰੀ ਕੀਤੀ ਗਈ ਹੈ।

VACANCY
URGENT REQUIREMENT
Company Name - Rk Drafting Hub
Working Place - Office In Nakodar
2 Hiring For
Architecture Draftperson Or Civil Engineer.
Starting Salary Rs. 15000 Per Month.
Exprience Requirement -
Auto Cad (Must Required) Sketch Up
Do not call, only send the CV
on Whatsapp number - 98723 76093
Email: rk_drafting_hub@outlook.com

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਦਿੱਲੀ ਤੋਂ ਬਾਅਦ ਹੁਣ ਬੰਬੇ ਹਾਈ ਕੋਰਟ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ

**ਨਵੀਂ ਦਿਲੀ।** ਦਿੱਲੀ ਹਾਈ ਕੋਰਟ ਤੋਂ ਬਾਅਦ, ਬੰਬੇ ਹਾਈ ਕੋਰਟ ਨੂੰ ਬੰਬ ਦੀ ਧਮਕੀ ਵਾਲਾ ਈਮੇਲ ਭੇਜਿਆ ਗਿਆ ਸੀ। ਸ਼ੁੱਕਰਵਾਰ ਸਵੇਰੇ ਦਿੱਲੀ ਹਾਈ ਕੋਰਟ ਨੂੰ ਭੇਜੀ ਗਈ ਈਮੇਲ ਵਿੱਚ, ਕੋਰਟ ਰੂਮ ਵਿੱਚ 3 ਬੰਬ ਰੱਖੇ ਜਾਣ ਦਾ ਜ਼ਿਕਰ ਸੀ। ਧਮਕੀ ਵਿੱਚ ਕਿਹਾ ਗਿਆ ਸੀ ਕਿ ਸ਼ੁੱਕਰਵਾਰ (ਜੁਮਾ) ਦੁਪਹਿਰ ਦੀ ਨਮਾਜ਼ ਤੋਂ ਪਹਿਲਾਂ (ਦੁਪਹਿਰ 2 ਵਜੇ ਤੱਕ) ਕੈਂਪਸ ਖਾਲੀ ਕਰ ਦਿੱਤਾ ਜਾਵੇ।

ਇਸ ਦੇ ਨਾਲ ਹੀ, ਬੰਬ ਦੀ ਧਮਕੀ ਵਾਲੇ ਈਮੇਲ ਤੋਂ ਬਾਅਦ ਬੰਬੇ ਹਾਈ ਕੋਰਟ ਨੂੰ ਵੀ ਖਾਲੀ ਕਰਵਾ ਲਿਆ ਗਿਆ ਹੈ। ਵਕੀਲਾਂ, ਜੱਜਾਂ ਅਤੇ ਹੋਰ ਲੋਕਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ। ਸਾਰੇ ਕੋਰਟ ਰੂਮਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਬੰਬ ਸਕੁਐਡ ਟੀਮਾਂ ਇੱਥੇ ਪਹੁੰਚ ਗਈਆਂ ਹਨ। ਦਿੱਲੀ ਹਾਈ ਕੋਰਟ ਨੂੰ ਭੇਜੀ ਗਈ ਈਮੇਲ ਦਾ



ਵਿਸ਼ਾ ਪੜ੍ਹਦਾ ਹੈ ਕਿ ਪਵਿੱਤਰ ਸ਼ੁੱਕਰਵਾਰ ਧਮਾਕਿਆਂ ਲਈ ਪਾਕਿਸਤਾਨ-ਤਾਮਿਲਨਾਡੂ ਦੀ ਮਿਲੀਭੁਗਤ, ਜੱਜ ਰੂਮ/ਅਦਾਲਤ ਕੰਪਲੈਕਸ ਵਿੱਚ 3 ਬੰਬ ਰੱਖੇ ਗਏ ਹਨ। ਦੁਪਹਿਰ 2 ਵਜੇ ਤੱਕ ਖਾਲੀ ਕਰਵਾ ਲਓ। ਇਨ੍ਹਾਂ ਤੋਂ ਇਲਾਵਾ, ਪਟਨਾ ਵਿੱਚ ਵੀ, 11 ਸਤੰਬਰ ਦੁਪਹਿਰ ਨੂੰ, ਪਾਕਿਸਤਾਨੀ ਐਕਸ ਹੈਂਡਲ ਤੋਂ ਬੰਬ ਧਮਾਕੇ ਦੀ ਧਮਕੀ ਵਾਲਾ ਈਮੇਲ ਭੇਜਿਆ ਗਿਆ ਸੀ। ਕਿਹਾ ਗਿਆ ਸੀ ਕਿ ਸ਼ੁੱਕਰਵਾਰ ਨੂੰ ਜਨਤਕ ਥਾਵਾਂ 'ਤੇ ਬੰਬ ਧਮਾਕੇ ਕੀਤੇ ਜਾਣਗੇ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮਾਨਸੂਨ ਦੀ ਵਾਪਸੀ 15 ਸਤੰਬਰ ਦੇ ਆਸ-ਪਾਸ ਸ਼ੁਰੂ ਹੋਣ ਦੀ ਸੰਭਾਵਨਾ : ਮੌਸਮ ਵਿਭਾਗ



**ਨਵੀਂ ਦਿੱਲੀ ।** ਦੱਖਣ-ਪਛਮੀ ਮਾਨਸੂਨ ਦੇ 15 ਸਤੰਬਰ ਦੇ ਆਸ-ਪਾਸ ਉੱਤਰ-ਪੱਛਮੀ ਭਾਰਤ ਤੋਂ ਵਾਪਸੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਦੱਸਿਆ ਕਿ ਮੁੱਖ ਮੀਂਹ ਵਾਲੀ ਪ੍ਰਣਾਲੀ ਆਮ ਤੌਰ ’ਤੇ 1 ਜੂਨ ਤੱਕ ਕੇਰਲ ਵਿਚ ਆਪਣੀ ਸ਼ੁਰੂਆਤ ਕਰਦੀ ਹੈ ਅਤੇ 8 ਜੁਲਾਈ ਤੱਕ ਪੂਰੇ ਦੇਸ਼ ਵਿਚ ਫੈਲ ਜਾਂਦੀ ਹੈ। ਇਹ 17 ਸਤੰਬਰ ਦੇ ਆਸ-ਪਾਸ ਉੱਤਰ-ਪਛਮੀ ਭਾਰਤ ਤੋਂ ਪਿੱਛੇ ਹਟਣਾ ਸ਼ੁਰੂ ਕਰਦਾ ਹੈ ਅਤੇ 15 ਅਕਤੂਬਰ ਤੱਕ ਪੂਰੀ ਤਰ੍ਹਾਂ ਵਾਪਸ ਲੈ ਜਾਂਦਾ ਹੈ। ਮੌਸਮ ਵਿਭਾਗ ਨੇ ਇਕ ਬਿਆਨ ’ਚ ਕਿਹਾ ਕਿ 15 ਸਤੰਬਰ ਦੇ ਕਰੀਬ ਪੱਛਮੀ ਰਾਜਸਥਾਨ ਦੇ ਕੁੱਝ ਹਿੱਸਿਆਂ ਤੋਂ ਦੱਖਣ-ਪਛਮੀ ਮਾਨਸੂਨ ਦੀ ਵਾਪਸੀ ਲਈ ਹਾਲਾਤ ਅਨੁਕੂਲ ਹੋ ਰਹੇ ਹਨ। ਇਸ ਸਾਲ ਮਾਨਸੂਨ 8 ਜੁਲਾਈ ਦੀ ਆਮ ਮਿਤੀ ਤੋਂ 9 ਦਿਨ ਪਹਿਲਾਂ ਪੂਰੇ ਦੇਸ਼ ਵਿਚ ਫੈਲ ਗਿਆ। ਇਹ 24 ਮਈ ਨੂੰ ਕੇਰਲ ਪਹੁੰਚਿਆ ਸੀ। ਦੇਸ਼ ’ਚ ਮਾਨਸੂਨ ਸੀਜ਼ਨ ’ਚ ਹੁਣ ਤੱਕ 836.2 ਮਿਲੀਮੀਟਰ ਮੀਂਹ ਪਿਆ ਹੈ, ਜੋ ਆਮ ਤੌਰ ’ਤੇ 778.6 ਮਿਲੀਮੀਟਰ ਮੀਂਹ ਤੋਂ ਕਾਫ਼ੀ ਵੱਧ ਹੈ। ਮਈ ’ਚ, ਆਈ.ਐਮ.ਡੀ. ਨੇ ਭਵਿੱਖਬਾਣੀ ਕੀਤੀ ਸੀ ਕਿ ਜੂਨ-ਸਤੰਬਰ ਮਾਨਸੂਨ ਸੀਜ਼ਨ ਦੌਰਾਨ ਭਾਰਤ ਵਿਚ ਲੰਮੇ ਸਮੇਂ ਦੀ ਔਸਤਨ 87 ਸੈਂਟੀਮੀਟਰ ਬਾਰਸ਼ ਦਾ 106 ਫ਼ੀਸਦੀ ਹੋਣ ਦੀ ਸੰਭਾਵਨਾ ਹੈ। ਇਸ 50 ਸਾਲਾਂ ਦੀ ਔਸਤ ਦੇ 96 ਤੋਂ 104 ਫੀਸਦੀ ਦੇ ਵਿਚਕਾਰ ਮੀਂਹ ਨੂੰ ‘ਸਾਧਾਰਨ’ ਮੰਨਿਆ ਜਾਂਦਾ ਹੈ। ਮੌਨਸੂਨ ਭਾਰਤ ਦੇ ਖੇਤੀਬਾੜੀ ਸੈਕਟਰ ਲਈ ਮਹੱਤਵਪੂਰਨ ਹੈ, ਜੋ ਲਗਭਗ 42 ਫ਼ੀਸਦੀ ਆਬਾਦੀ ਦੀ ਰੋਜ਼ੀ-ਰੋਟੀ ਦਾ ਸਮਰਥਨ ਕਰਦਾ ਹੈ ਅਤੇ ਜੀ.ਡੀ.ਪੀ. ਵਿਚ 18.2 ਫ਼ੀਸਦੀ ਦਾ ਯੋਗਦਾਨ ਪਾਉਂਦਾ ਹੈ। ਇਹ ਪੀਣ ਵਾਲੇ ਪਾਣੀ ਅਤੇ ਬਿਜਲੀ ਉਤਪਾਦਨ ਲਈ ਜ਼ਰੂਰੀ ਜਲ ਭੰਡਾਰਾਂ ਨੂੰ ਭਰਨ ਵਿਚ ਵੀ ਮੁੱਖ ਭੂਮਿਕਾ ਅਦਾ ਕਰਦਾ ਹੈ।

## ਹਰ ਹੜ੍ਹ ਪੀੜਤ ਨੂੰ 45 ਦਿਨਾਂ ਦੇ ਅੰਦਰ-ਅੰਦਰ ਮੁਆਵਜ਼ਾ ਮਿਲੇਗਾ: ਮੁੱਖ ਮੰਤਰੀ ਮਾਨ



**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ 45 ਦਿਨਾਂ ਦੇ ਅੰਦਰ-ਅੰਦਰ ਸੂਬੇ ਦੇ ਸਾਰੇ ਹੜ੍ਹ ਪੀੜਤਾਂ ਨੂੰ ਰਾਹਤ ਪ੍ਰਦਾਨ ਕਰੇਗੀ। ਮੁਆਵਜ਼ਾ ਯਕੀਨੀ ਬਣਾਏਗੀ। ਇੱਥੇ ਆਪਣੀ ਸਰਕਾਰੀ ਰਿਹਾਇਸ਼ 'ਤੇ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਲਈ 20,000 ਰੁਪਏ ਦੇਵੇਗੀ। ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਇਹ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਮੁਆਵਜ਼ਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਮੁਆਵਜ਼ਾ ਪ੍ਰਾਪਤ ਕਰਨ ਵਿੱਚ ਕਈ ਸਾਲ ਲੱਗ ਜਾਂਦੇ ਸਨ ਅਤੇ ਫਸਲਾਂ ਦੇ ਨੁਕਸਾਨ ਕਾਰਨ ਪਹਿਲਾਂ ਹੀ ਪੀੜਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਸਰਕਾਰੀ ਦਫ਼ਤਰਾਂ ਵਿੱਚ ਭੀੜ ਹੁੰਦੀ ਹੈ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੀੜਤਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦੇਣਾ ਸਭ ਤੋਂ ਜ਼ਰੂਰੀ ਹੈ। ਉਨ੍ਹਾਂ ਕਿਹਾ, "ਇੱਕ ਕਿਸਾਨ ਦਾ ਪੁੱਤਰ ਹੋਣ ਦੇ ਨਾਤੇ, ਮੈਂ ਕਿਸਾਨਾਂ ਦੇ ਦਰਦ ਅਤੇ ਦੁੱਖ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ।" ਹਾਂ। "ਮੈਂ ਉਦੋਂ ਤੱਕ ਸ਼ਾਂਤੀ ਨਾਲ ਨਹੀਂ ਸੌਂਵਾਂਗਾ ਜਦੋਂ ਤੱਕ ਹਰ ਕਿਸਾਨ ਨੂੰ ਫਸਲਾਂ ਦੇ ਨੁਕ-ਸਾਨ ਦਾ ਮੁਆਵਜ਼ਾ ਨਹੀਂ ਮਿਲ ਜਾਂਦਾ।"

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪਿੰਡ ਕਿਲੀ ਮਹਿਲਾ ਵਿੰਗ ਦੇ ਬਲਾਕ ਪ੍ਰਧਾਨਾਂ ਦੀ ਹੰਗਾਮੀ ਮੀਟਿੰਗ ਹੋਈ, ਅਹਿਮ ਮੁਦਿਆਂ ਤੇ ਹੋਈ ਵਿਚਾਰ ਚਰਚਾ



**ਸ਼ਾਹਕੋਟ (ਹਰਜਿੰਦਰ ਸਿੰਘ ਚੰਦੀ)–** ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਪਿੰਡ ਕਿਲੀ ਪਿੰਡ ਵਿਖੇ ਮਹਿਲਾ ਵਿੰਗ ਬਲਾਕ ਪ੍ਰਧਾਨਾਂ ਦੀ ਹੰਗਾਮੀ ਮੀਟਿੰਗ ਹੋਈ, ਜਿਸ ਵਿਚ ਬਲਾਕ ਪ੍ਰਧਾਨਾਂ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੀਟਿੰਗ ਦੌਰਾਨ ਜਿਥੇ ਅਹਿਮ ਮੁਦਿਆਂ ਤੇ ਵਿਚਾਰ ਚਰਚਾ ਹੋਈ ਉਥੇ ਪੰਜਾਬ ਵਿੱਚ ਆਏ ਹੜਾਂ ਨੂੰ ਲੈ ਕੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਬੀਬੀ ਰਣਜੀਤ ਕੌਰ ਕਾਕੜ ਡਾਇਰੈਕਟਰ ਇੰਫੋਟੈਕ ਪੰਜਾਬ ਨੇ ਬਲਾਕ ਪ੍ਰਧਾਨਾਂ ਨੂੰ ਸੰਬੋਧਨ ਕਰਦਿਆਂ ਦਿਨ ਰਾਤ ਅਣਥੱਕ ਮਿਹਨਤ ਨਾਲ ਹੜ ਪੀੜਤਾਂ ਦੀ ਸੇਵਾ ਕਰ ਰਹੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਅਤੇ ਜਿਸ ਕਾ ਖੇਤ ਉਸ ਦੀ ਰੇਤ ਲਾਗੂ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਬੀਬੀ ਰਣਜੀਤ ਕੌਰ ਨੇ ਕਿਹਾ ਕਿ ਹੜ ਵਰਗੇ ਹਲਾਤਾਂ ਨਾਲ ਸਾਰਾ ਪੰਜਾਬ ਇਕਜੁੱਟ ਹੋ ਕੇ ਲੜ ਰਿਹਾ ਹੈ ਇਸ ਨਾਲ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਏਕਤਾ ਦਾ ਪ੍ਰਤੀਕ ਹੈ। ਇਸ ਮੀਟਿੰਗ ਨੂੰ ਵਾਈਸ ਪ੍ਰਧਾਨ ਮਹਿਲਾ ਵਿੰਗ ਪੰਜਾਬ, ਅਤੇ , ਜ਼ੋਨ ਇੰਚਾਰਜ ਕ੍ਰਿਸ਼ਨਾ ਗਰੇਵਾਲ ਜੀ ਅਤੇ ਜਿਲ੍ਹਾ ਪ੍ਰਧਾਨ ਪ੍ਰੀਤੀ ਸ਼ਰਮਾ (ਜਲੰਧਰ) ਵੱਲੋ ਵੀ ਸੰਬੋਧਨ ਕਰਦਿਆਂ ਅਲੱਗ ਅਲੱਗ ਮੁਦਿਆਂ ਤੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਮਹਿਲਾਂ ਵਿੰਗ ਦੇ ਪ੍ਰਧਾਨਾ ਦੀ ਸਫਲ ਰਹੀ ਮੀਟਿੰਗ ਦਾ ਸਿਹਰਾ ਬਲਾਕ ਪ੍ਰਧਾਨਾਂ ਦੀ ਅਣਥੱਕ ਮਿਹਨਤ ਨੂੰ ਜਾਂਦਾ ਹੈ। ਇਸ ਮੀਟਿੰਗ ਦੌਰਾਨ ਜਿਥੇ ਬਲਾਕ ਪ੍ਰਧਾਨਾਂ ਵੱਲੋਂ ਆਪਣੇ ਵਿਚਾਰ ਖੁਲ੍ਹ ਕੇ ਪ੍ਰਗਟ ਕੀਤੇ ਉਥੇ ਹਾਜ਼ਰ ਲੋਕਾਂ ਵੱਲੋਂ ਹਰ ਸਹਿਯੋਗ ਲਈ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਮੀਟਿੰਗ ਦੌਰਾਨ ਹਾਜ਼ਰ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਬੀਬੀ ਰਣਜੀਤ ਕੌਰ ਕਾਕੜ ਨੇ ਕਿਹਾ ਕਿ ਇਹ ਇੱਕ ਨਵਾਂ ਕਦਮ ਹੈ ਜੋ "ਆਮ ਆਦਮੀ ਪਾਰਟੀ" ਦੀ ਮਜ਼ਬੂਤੀ ਤੇ ਲੋਕਾਂ ਦੀ ਭਲਾਈ ਵੱਲ ਲੈ ਕੇ ਜਾਵੇਗਾ। ਇਸ ਮੌਕੇ ਹਲਕਾ ਕੋਆਰਡੀਨੇਟਰ ਅਮਨਪ੍ਰੀਤ ਮਨਪ੍ਰੀਤ ਕੌਰ ਹਾਜ਼ਰ ਹੋਏ।

# ਧਾਰਮਿਕ ਪ੍ਰੀਖਿਆ 'ਚ ਮੱਲਾ ਮਾਰਨ ਵਾਲੇ ਵਿਦਿਆਰਥੀ ਸਨਮਾਨਿਤ



**ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਧਾਰਮਿਕ ਪ੍ਰੀਖਿਆ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਬੀਬੀ ਗੁਰਪ੍ਰੀਤ ਕੌਰ, ਪ੍ਰਚਾਰਕ ਭਾਈ ਹਰਵਿੰਦਰ ਸਿੰਘ ਅਤੇ ਹੋਰ ਪਤਵੰਤੇ।**

**ਕਪੂਰਥਲਾ ( ਕੌੜਾ )–** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਧਾਰਮਿਕ ਪ੍ਰਚਾਰਕ ਭਾਈ ਹਰਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ । ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਦੀ 2024-2025 ਦੀ ਪ੍ਰੀਖਿਆ ਵਿੱਚ ਸਕੂਲ ਦੇ ਵਿਦਿਆਰਥੀਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜੋ ਅਦਾਰੇ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ । ਇਸ ਪ੍ਰੀਖਿਆ ਵਿੱਚ ਅਸ਼ਮਨਪ੍ਰੀਤ ਕੌਰ ਅਤੇ ਸੁਖਰਾਜ ਸਿੰਘ ਨੂੰ 60 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕਰਨ ਲਈ ਵਿਸ਼ੇਸ਼ ਤੌਰ 'ਤੇ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ । ਇਹਨਾਂ ਤੋਂ ਇਲਾਵਾ ਐਸ਼ਮੀਤ ਕੌਰ, ਹਰਗੁਨ ਕੌਰ, ਇਸ਼ਨੂਪ ਕੌਰ, ਮਨਮੀਤ ਕੌਰ, ਦਿਲਪ੍ਰੀਤ ਸਿੰਘ, ਇਸ਼ਮੀਤ ਕੌਰ, ਅਮਨਰਾਜ ਸਿੰਘ, ਹਰਗੁਨ ਸਿੰਘ, ਹਰਸਿਮਰਤ ਕੌਰ, ਹਰਕੀਰਤ ਕੌਰ, ਹਰਸ਼ਿਤਾ ਖੰਨਾ, ਮੁਸਕਾਨ, ਪ੍ਰਭਜੋਤ ਸਿੰਘ, ਪਰਮਵੀਰ ਸਿੰਘ, ਬਲਦੀਪ ਸਿੰਘ, ਬਲਜੀਤ ਸਿੰਘ, ਹਰਰਾਜ ਸਿੰਘ, ਵਿਕਰਮਜੀਤ ਸਿੰਘ, ਜਸ਼ਨਪ੍ਰੀਤ ਕੌਰ, ਮਨਪ੍ਰੀਤ ਕੌਰ, ਯੁਵਰਾਜ ਸਿੰਘ, ਸਮਰੀਤ, ਹਰਨੂਰ, ਖੁਸ਼ਦੀਪ ਕੌਰ, ਪਵਨੂਰ ਕੌਰ, ਸਰਗੁਨ ਕੌਰ ਅਤੇਐਸ਼ਮੀਨ ਕੌਰ ਨੂੰ ਸਰਟੀਫਿਕੇਟ ਦੇ ਨਾਲ ਸਨਮਾਨਤ ਕੀਤਾ ਗਿਆ ।

# ਪੰਜਾਬ ਗ੍ਰਾਮੀਣ ਬੈਂਕ ਵੱਲੋਂ ਪ੍ਰਾਇਮਰੀ ਸਕੂਲ ਧਾਲੀਵਾਲ ਦੋਨਾਂ ਦੇ ਬੱਚਿਆਂ ਨੂੰ ਟ੍ਰੈਕ ਸੂਟ, ਬੈਗ ਅਤੇ ਸਟੇਸ਼ਨਰੀ ਵੰਡੀ

## ਸਕੂਲ ਲਈ ਪ੍ਰਿੰਟਰ ਵੀ ਦਿੱਤਾ ਗਿਆ



**ਕਪੂਰਥਲਾ, (ਕੌੜਾ)–** ਪੰਜਾਬ ਗ੍ਰਾਮੀਣ ਬੈਂਕ ਵੱਲੋਂ ਆਪਣੇ 21ਵੇਂ ਸਥਾਪਨਾ ਦਿਵਸ ਮੌਕੇ ਸੀ.ਐਸ.ਆਰ ਦੀ ਗਤੀਵਿਧੀਆਂ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਧਾਲੀਵਾਲ ਦੋਨਾਂ ਵਿਖੇ ਇਕ ਵਿਸ਼ੇਸ ਉਪਰਾਲੇ ਤਹਿਤ ਪਹਿਲੇ ਪੜਾਅ ਵਿਚ ਗਜਿੰਦਰ ਕੁਮਾਰ ਨੇਗੀ ਚੇਅਰਮੈਨ ਪੰਜਾਬ ਗ੍ਰਾਮੀਣ ਬੈਂਕ ਦੀ ਅਗਵਾਈ ਵਿਚ ਨਰਸਰੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਨੂੰ ਟ੍ਰੈਕ ਸੂਟ , ਸਕੂਲ ਬੈਗ ਅਤੇ ਸਟੇਸ਼ਨਰੀ ਦਾ ਸਾਮਾਨ ਵੰਡਿਆ ਗਿਆ । ਇਸ ਤੋਂ ਇਲਾਵਾ ਸਕੂਲ ਦੇ ਦਫ਼ਤਰ ਲਈ ਵਿਸ਼ੇਸ਼ ਤੌਰ ਤੇ ਪ੍ਰਿੰਟਰ ਵੀ ਦਿੱਤਾ ਗਿਆ । ਇਸ ਮੌਕੇ ਬੈਂਕ ਵੱਲੋਂ ਸ਼ੇਖਰ ਕੁਮਾਰ ਝਾਅ ਜਨਰਲ ਮੈਨੇਜਰ, ਅਨਿਲ ਕੁਮਾਰ ਮਿੱਤਲ ਜਨਰਲ ਮੈਨੇਜਰ, ਦੀਪਕ ਕੁਮਾਰ ਬਾਕਾਂ ਜਨਰਲ ਮੈਨੇਜਰ, ਸ਼ਿਵ ਚਰਨ ਸ਼ਰਮਾਂ ਸਹਾਇਕ ਜਨਰਲ ਮੈਨੇਜਰ , ਪ੍ਰਭਦੀਪ ਸਿੰਘ ਮੈਨੇਜਰ, ਵਿਕਾਸ ਕੁਮਾਰ ਸਹਾਇਕ ਮੈਨੇਜਰ ਅਤੇ ਮਮਤਾ ਬਜਾਜ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ) ਕਪੂਰਥਲਾ ਵੀ ਵਿਸ਼ੇਸ਼ ਤੇ ਹਾਜ਼ਰ ਸਨ । ਸਕੂਲ ਦੇ ਹੈੱਡ ਟੀਚਰ ਗੁਰਮੁੱਖ ਸਿੰਘ ਨੇ ਦੱਸਿਆ ਕਿ ਪੰਜਾਬ ਗ੍ਰਾਮੀਣ ਬੈਂਕ ਦੇ ਚੇਅਰਮੈਨ ਸ਼੍ਰੀ ਨੇਗੀ ਦੇ ਵਿਸ਼ੇਸ਼ ਉੱਦਮਾਂ ਨਾਲ ਧਾਲੀਵਾਲ ਦੋਨਾਂ ਦੇ ਪ੍ਰਾਇਮਰੀ ਸਕੂਲ ਵਿੱਚ ਨਰਸਰੀ ਤੋਂ ਪੰਜਵੀਂ ਤੱਕ ਦੇ 141 ਬੱਚਿਆਂ ਨੂੰ ਸਰਦੀਆਂ ਲਈ ਟ੍ਰੈਕ ਸੂਟ, ਬੈਗ ਅਤੇ ਸਟੇਸ਼ਨਰੀ ਵੰਡੀ ਗਈ । ਇਸ ਤੋਂ ਇਲਾਵਾ ਸਕੂਲ ਲਈ ਪ੍ਰਿੰਟਰ ਵੀ ਦਿੱਤਾ ਗਿਆ । ਉਹਨਾਂ ਦੱਸਿਆ ਕਿ ਬੈਂਕ ਵੱਲੋਂ ਉਹਨਾਂ ਦੇ ਸਕੂਲ ਨੂੰ ਗੋਦ ਲਿਆ ਗਿਆ ਅਤੇ ਬੈਂਕ ਵੱਲੋਂ ਸੀ.ਐਸ.ਆਰ ਤਹਿਤ ਸਕੂਲ ਦੇ ਵਿਕਾਸ ਲਈ ਅੱਗੋਂ ਵੀ ਇਸ ਤਰਾਂ ਦੇ ਉਪਰਾਲੇ ਕੀਤੇ ਜਾਂਦੇ ਰਹਿਣਗੇ । ਇਸ ਮੌਕੇ ਮਮਤਾ ਬਜਾਜ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ) ਵੱਲੋਂ ਬੈਂਕ ਦਾ ਅਧਿਕਾਰੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਜਿਹਨਾਂ ਦੇ ਯਤਨਾਂ ਸਦਕਾ ਧਾਲੀਵਾਲ ਦੋਨਾਂ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਬੱਚਿਆਂ ਲਈ ਇਹ ਵਿਸ਼ੇਸ਼ ਉਪਰਾਲਾ ਕੀਤਾ ਗਿਆ । ਇਸ ਮੌਕੇ ਸਕੂਲ ਸਟਾਫ਼ ਵੱਲੋਂ ਮੈਡਮ ਕਿਰਨ , ਜਸਵਿੰਦਰ ਕੌਰ, ਬਲਜੀਤ ਕੌਰ, ਮਨਪ੍ਰੀਤ, ਅਮਨਦੀਪ ਕੌਰ , ਪਰਵੀਤ ਕੌਰ ਅਤੇ ਆਂਗਣਵਾੜੀ ਵਰਕਰ ਹਰਪ੍ਰੀਤ ਕੌਰ ਵੀ ਮੌਜੂਦ ਸਨ । ਇਸ ਤੋਂ ਇਲਾਵਾ ਸਕੂਲ ਮੈਂਨਜਮੈਂਟ ਕਮੇਟੀ ਦੇ ਚੇਅਰਪਰਸਨ ਸੋਨੀਆਂ ਅਤੇ ਵਾਇਸ ਚੇਅਰਮੈਨ ਦਵਿੰਦਰ ਕੁਮਾਰ ਤੋਂ ਇਲਾਵਾ ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ । ਸਕੂਲ ਦੇ ਹੈੱਡ ਟੀਚਰ ਗੁਰਮੁਖ ਸਿੰਘ ਨੇ ਪੰਜਾਬ ਗ੍ਰਾਮੀਣ ਬੈਂਕ ਵੱਲੋਂ ਕੀਤੇ ਗਏ ਸਕੂਲ ਦੇ ਬੱਚਿਆਂ ਲਈ ਕੀਤੇ ਗਏ ਵਿਸ਼ੇਸ਼ ਉਪਰਾਲੇ ਲਈ ਬਹੁਤ ਧੰਨਵਾਦ ਕੀਤਾ ਅਤੇ ਉਮੀਦ ਕੀਤੀ ਕਿ ਭਵਿੱਖ ਵਿੱਚ ਵੀ ਬੈਂਕ ਸਰਕਾਰੀ ਪ੍ਰਾਇਮਰੀ ਸਕੂਲ ਧਾਲੀਵਾਲ ਦੋਨਾਂ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਦੀ ਰਹੇਗੀ ।

# ਥਿੰਕ ਗੈਸ ਕੰਪਨੀ ਵਲੋਂ ਮੁੱਖ ਮੰਤਰੀ ਰਾਹਤ ਫੰਡ ਲਈ ਪੰਜ ਲੱਖ ਰੁਪਏ ਦਾ ਚੈੱਕ ਭੇਟ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੂਬੇ ਵਿਚ ਆਏ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਅਤੇ ਲੋਕਾਂ ਦੀ ਵੱਖ-ਵੱਖ ਜਥੇਬੰਦੀਆਂ, ਅਦਾਰਿਆਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੀਤੀ ਜਾ ਰਹੀ ਮਦਦ ਦੀ ਲੜੀ ਵਿਚ ਅੱਜ ਥਿੰਕ ਗੈਸ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਲਈ ਪੰਜ ਲੱਖ ਰੁਪਏ ਦਾ ਚੈੱਕ ਡਿਪਟੀ ਕਮਿਸ਼ਨਰ ਸ. ਅੰਕੁਰਜੀਤ ਸਿੰਘ ਨੂੰ ਸੌਂਪਿਆ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿਚ ਦੇਸ਼-ਵਿਦੇਸ਼ ਤੋਂ ਲੋਕਾਂ ਨੇ ਹੜ੍ਹ ਪੀੜਤਾਂ ਅਤੇ ਪ੍ਰਭਾਵਿਤ ਇਲਾਕਿਆਂ ਲਈ ਅੱਗੇ ਆ ਕੇ ਵੱਡੇ ਪੱਧਰ 'ਤੇ ਮਦਦ ਕੀਤੀ ਹੈ ਜੋ ਬੇਹੱਦ ਸਲਾਹੁਣਯੋਗ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਥਿੰਕ ਗੈਸ ਦੇ ਪੰਜਾਬ ਤੇ ਹਿਮਾਚਲ ਦੇ ਜੋਨਲ ਹੈਡ ਵਿਸ਼ਾਲ ਗਿਰੀ ਗੋਸਵਾਮੀ, ਦਰਪਨ ਕੁਮਾਰ ਚੌਧਰੀ, ਕੰਪਨੀ ਦੇ ਜਲੰਧਰ ਤੇ ਕਾਂਗੜਾ ਦੇ ਡਿਪਟੀ ਰੀਜਨਲ ਹੈੱਡ ਜੌਹਨੀ ਸ਼ਰਮਾ ਚੈੱਕ ਭੇਟ ਕਰਨ ਵੇਲੇ ਮੌਜੂਦ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜ਼ਿਲ੍ਹਾ ਪੱਧਰੀ ਰੋਲ ਪਲੇਅ ਅਤੇ ਲੋਕ ਨਾਚ ਮੁਕਾਬਲੇ ਆਯੋਜਿਤ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਰਾਜ ਵਿਦਿਅਕ ਅਤੇ ਸਿਖਲਾਈ ਪ੍ਰੀਸ਼ਦ ਦੇ ਨਿਰਦੇਸ਼ ਅਨੁਸਾਰ ਨੈਸ਼ਨਲ ਪਾਪੂਲੇਸ਼ਨ ਐਜੂਕੇਸ਼ਨ ਪ੍ਰੋਜੈਕਟ ਅਧੀਨ ਜ਼ਿਲ੍ਹਾ ਪੱਧਰੀ ਰੋਲ ਪਲੇਅ ਅਤੇ ਲੋਕ ਨਾਚ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਰੈਜੀਡੈਂਸ਼ੀਅਲ ਸਕੂਲ ਫ਼ਾਰ ਮੈਰੀਟੋਰੀਅਸ ਲੁਧਿਆਣਾ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਡਿੰਪਲ ਮਦਾਨ ਜੀ ਦੀ ਅਗਵਾਈ ਹੇਠ ਕਰਵਾਏ ਗਏ, ਇਸ ਮੌਕੇ ਤੇ ਬੋਲਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਡਿੰਪਲ ਮਦਾਨ ਜੀ ਨੇ ਕਿਹਾ ਇਹ ਮੁਕਾਬਲੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਦੇ ਹਨ , ਵਿਦਿਆਰਥੀਆਂ ਵਿੱਚ ਭੇਦ-ਭਾਵ ਦੀ ਭਾਵਨਾ ਖਤਮ ਕਰਦੇ ਹਨ ਅਤੇ ਚੰਗਾ ਸਮਾਜ ਸਿਰਜਣ ਵਿੱਚ ਮਦਦ ਕਰਦੇ ਹਨ। ਇਸ ਮੌਕੇ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਪਹੁੰਚਣ ਵਾਲੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਲੁਧਿਆਣਾ ਵੱਲੋਂ ਸਰਟੀਫ਼ਿਕੇਟ ਦਿੱਤੇ ਗਏ। ਜ਼ਿਲ੍ਹਾ ਨੋਡਲ ਅਫ਼ਸਰ ਸ੍ਰ: ਰਵਿੰਦਰ ਸਿੰਘ (ਹੈਡਮਾਸਟਰ) ਸਰਕਾਰੀ ਹਾਈ ਸਮਾਰਟ ਸਕੂਲ



ਬਾੜੇਵਾਲ ਲੁਧਿਆਣਾ ਜੀ ਨੇ ਦੱਸਿਆ ਕਿ ਇਹਨਾਂ ਜੇਤੂ ਵਿਦਿਆਰਥੀਆਂ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਰਾਜ ਪੱਧਰੀ ਮੁਕਾਬਲੇ ਵਿੱਚ ਭਾਗ ਲਵੇਗੀ। ਇਸ ਮੌਕੇ ਤੇ ਰੋਲ ਪਲੇਅ ਮੁਕਾਬਲੇ ਲਈ ਜਜਮੈਂਟ ਸ਼੍ਰੀਮਤੀ ਤੇਜਵਿੰਦਰ ਕੌਰ (ਪ੍ਰਿੰਸੀਪਲ), ਸ਼੍ਰੀ ਹਰਕੇਸ਼ ਚੌਧਰੀ (ਲੈਕਚਰਾਰ), ਸ਼੍ਰੀ ਕਰਮਜੀਤ ਸਿੰਘ ਗਰੇਵਾਲ (ਪੰਜਾਬੀ ਮਾਸਟਰ )ਜੀ ਨੇ ਦਿੱਤੀ ਅਤੇ ਲੋਕ ਨਾਚ ਮੁਕਾਬਲੇ ਵਿੱਚ ਜਜਮੈਂਟ ਸ਼੍ਰੀਮਤੀ ਵਰਿੰਦਰਜੀਤ ਕੌਰ (ਪ੍ਰਿੰਸੀਪਲ), ਸ਼੍ਰੀਮਤੀ ਸੁਰਚਨਾ ਪੰਧੇਰ (ਲੈਕਚਰਾਰ ਜਿਓਗਰਾਫ਼ੀ ) ਅਤੇ ਸ਼੍ਰੀਮਤੀ ਸੁਪਰਜੀਤ ਕੌਰ (ਪੰਜਾਬੀ ਅਧਿਆਪਕ) ਜੀ ਦੁਆਰਾ ਦਿੱਤੀ ਗਈ । ਰੋਲ ਪਲੇਅ ਮੁਕਾਬਲੇ ਵਿੱਚ ਪਹਿਲਾ ਸਥਾਨ ਜੀ.ਜੀ.ਐਸ.ਐਸ. ਐਸ ਹਰਗੋਬਿੰਦ ਕੈਂਡ ਸਕੂਲ ਅਤੇ ਲੋਕ ਨਾਚ ਮੁਕ-ਾਬਲੇ ਵਿੱਚ ਪਹਿਲਾ ਸਥਾਨ ਸ.ਸ.ਸ ਸਕੂਲ ਸੋਹੀਆਂ ਨੇ ਪ੍ਰਾਪਤ ਕੀਤਾ। ਇਸ ਮੌਕੇ ਸ੍ਰ: ਰੁਪਿੰਦਰ ਸਿੰਘ (ਹੈਡਮਾਸਟਰ) ਸ਼ਾਹਪੁਰ ਰੋਡ, ਸ਼੍ਰੀਮਤੀ ਸਰਬਜੀਤ ਕੌਰ (ਲੈਕਚਰਾਰ ਪੰਜਾਬੀ), ਸ਼੍ਰੀਮਤੀ ਹਰਪ੍ਰੀਤ ਕੌਰ (ਮੈਥ ਮਿਸਟ੍ਰੈਸ) ਟਾਈਮ ਕੀਪਰ ਅਤੇ ਸ਼੍ਰੀਮਤੀ ਪੂਜਾ ਨਰੂਲਾ (ਸਾਇੰਸ ਮਿਸਟ੍ਰੈਸ )ਅਤੇ ਸ਼੍ਰੀਮਤੀ ਮਲਕੀਤ ਕੌਰ (ਹੋਮ ਸਾਇੰਸ ਮਿਸਟ੍ਰੈਸ) ਨੇ ਰਜਿਸਟਰੇਸ਼ਨ ਸਰਟੀਫ਼ਿਕੇਟ ਲਿਖਣ ਦੀ ਭੂਮਿਕਾ ਨਿਭਾਈ।

# ਸ਼੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੋਤੀ-ਜੋਤਿ ਦਿਵਸ ਤੇ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਇਆ

## ਇੱਕ ਯੂਨਿਟ ਖ਼ੂਨ ਨਾਲ ਤਿੰਨ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕਦਾ- ਜੱਥੇਦਾਰ ਤਲਵੰਡੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਪਾ: ਦਸਵੀਂ, ਰਾਏਕੋਟ ਵਿਖੇ ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੋਤੀ-ਜੋਤਿ ਦਿਵਸ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਵੱਲੋਂ ਸੇਵਾਦਾਰ ਹਰਪ੍ਰੀਤ ਸਿੰਘ ਹੈਪੀ ਤਾਜਪੁਰ ਦੀ ਦੇਖ-ਰੇਖ ਹੇਠ 832ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਸਾਹਿਬ ਦੇ ਮੈਨੇਜਰ ਤਰਸੇਮ ਸਿੰਘ ਬਲਿਆਲ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇ: ਜਗਜੀਤ ਸਿੰਘ ਤਲਵੰਡੀ ਨੇ ਕਿਹਾ ਕਿ ਖ਼ੂਨ ਹਸਪਤਾਲ ਜਾਂ ਫੈਕਟਰੀ ਵਿੱਚ ਤਿਆਰ ਨਹੀਂ ਕੀਤਾ ਜਾ ਸਕਦਾ । ਇੱਕ ਇਨਸਾਨ ਇੱਕ ਯੂਨਿਟ ਖ਼ੂਨ-ਦਾਨ ਕਰਦਾ ਹੈ । ਉਸ ਦੇ ਦਾਨ ਕੀਤੇ ਇੱਕ ਯੂਨਿਟ ਨਾਲ ਤਿੰਨ



ਮਰੀਜ਼ਾਂ ਦੀਆਂ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ । ਖ਼ੂਨਦਾਨ ਸੰਸਾਰ ਤੇ ਸਭ ਤੋਂ ਵੱਡਾ ਪੁੰਨ ਹੈ । ਇਸ ਮੌਕੇ ਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਗਜੀਤ ਸਿੰਘ ਨੇ ਮਨੁੱਖਤਾ ਦੀ ਭਲਾਈ ਲਈ ਖ਼ੂਨਦਾਨ ਕਰਨ ਵਾਲੀਆਂ ਸੰਗਤਾਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਸਮੇਂ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ 52 ਬਲੱਡ ਯੂਨਿਟ ਲਾਈਫ ਲਾਈਨ ਹਸਪਤਾਲ ਦੇ ਸਹਿਯੋਗ ਨਾਲ ਇੱਕਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਮਹਿੰਦਰ ਸਿੰਘ ਹੈਡ ਗ੍ਰੰਥੀ, ਹਰਭਜਨ ਸਿੰਘ, ਹਰਪ੍ਰੀਤ ਸਿੰਘ ਅਕਾਊਂਟੈਂਟ, ਹਰਮਿੰਦਰ ਸਿੰਘ ਖਜ਼ਾਨਚੀ, ਗੁਰਦੀਪ ਸਿੰਘ ਸਟੋਰ ਕੀਪਰ, ਹਰਜਿੰਦਰ ਸਿੰਘ ਰਿਕਾਰਡਕੀਪਰ, ਰਣਜੀਤ ਸਿੰਘ ਇੰਸਪੈਕਟਰ, ਮਨਜੀਤ ਸਿੰਘ ਇੰਸਪੈਕਟਰ, ਜੋਗਾ ਸਿੰਘ ਸੁਪਰਵਾਇਜ਼ਰ, ਅਲਬੇਲ ਸਿੰਘ ਢਿੱਲੋਂ ਏ.ਐਸ.ਆਈ, ਜੈਪਾਲ ਸਿੰਘ ਤਾਜਪੁਰ, ਜੀਵਨ ਸਿੰਘ ਰਾਏਕੋਟ, ਜਸਰੀਨ ਕੌਰ ਤਾਜਪੁਰ, ਮਨਦੀਪ ਸਿੰਘ ਟੂਸਾ, ਅਰਮਾਨ ਟੂਸਾ,ਪਰਮ ਟੂਸਾ, ਸੁਖਦਰਸ਼ਨ ਸਿੰਘ ਗੋਨੀ ਤਾਜਪੁਰ, ਪ੍ਰੇਮਜੀਤਪਾਲ ਸਿੰਘ ਹਾਜ਼ਰ ਸਨ ।

# ਆਪ ਆਗੂ ਫੋਕੀ ਸ਼ੋਹਰਤ ਨਾ ਖੱਟਣ, ਲੋਕਾਂ ਨੂੰ ਅਸਲੀਅਤ ਦਾ ਪਤਾ- ਕੌਂਸਲਰ ਸ਼ੀਰਾ



ਨਵੇਂ ਟਿਊਬਵੈੱਲ ਦੇ ਉਦਘਾਟਨ ਸਮੇਂ ਦੀ ਤਸਵੀਰ। ਇਲਾਕਾ ਕੌਂਸਲਰ ਵੱਲੋਂ ਦਿਖਾਇਆ ਗਿਆ ਪਰੂਫ ਤੇ ਆਈ ਲਾਗਤ।




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬੀਤੇ ਦਿਨ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵਾਰਡ ਨੰਬਰ 46, ਇਲਾਕਾ ਜਨਤਾ ਨਗਰ ਦੀ ਗਲੀ ਨੰਬਰ 8 ਵਿਖੇ ਨਵੇਂ ਲਗਾਏ ਗਏ 25 ਹਾਸਪ-ਾਵਰ ਟਿਊਬਵੈੱਲ ਦਾ ਉਦਘਾਟਨ ਕੀਤਾ ਅਤੇ ਆਮ ਆਦਮੀ ਪਾਰਟੀ ਦੀਆਂ ਉਪਲੱਬਧੀਆਂ ਨੂੰ ਲੋਕਾਂ ਸਾਹਮਣੇ ਰੱਖਿਆ। ਦੂਜੇ ਪਾਸੇ ਵਾਰਡ ਨੰਬਰ 46 ਦੇ ਮੌਜੂਦਾ ਕੌਂਸਲਰ ਸੁਖਦੇਵ ਸਿੰਘ ਸ਼ੀਰਾ ਨੇ ਤਰਕ ਦਿੰਦਿਆਂ ਕਿਹਾ ਕਿ ਬੇਸ਼ੱਕ ਸੂਬਾ ਸਰਕਾਰ ਵੱਲੋਂ ਵਿਧਾਇਕ ਦੇ ਕੋਟੇ ਵਿੱਚੋਂ ਨਵੇਂ ਟਿਊਬਵੈੱਲ ਲਗਾਉਣ ਦੀ ਪ੍ਰਪੋਜਲ ਪਾਸ ਕੀਤੀ ਗਈ ਹੈ ਪਰ ਇਹ ਟਿਊਬਵੈੱਲ ਮੌਜੂਦਾ ਵਾਰਡ ਕੌਂਸਲਰ ਦੇ ਖਾਤੇ ਵਿੱਚੋਂ ਲਗਾਏ ਜਾ ਰਹੇ ਹਨ ਜਿਨ੍ਹਾਂ ਦੀ ਸਰਕਾਰੀ ਰਿਪੋਰਟ ਉਨ੍ਹਾਂ ਕੋਲ ਮੌਜੂਦ ਹੈ। ਕੌਂਸਲਰ ਸ਼ੀਰਾ ਨੇ ਇਸ ਗੱਲ ਤੇ ਵੱਡਾ ਇਤਰਾਜ਼ ਜਤਾਇਆ ਕਿ ਹਲਕਾ ਵਿਧਾਇਕ ਸਿੱਧੂ ਨੇ ਇਸ ਟਿਊਬਵੈੱਲ ਦੇ ਉਦਘਾਟਨ ਵੇਲੇ ਅਣਦੇਖੀ ਇਸ ਲਈ ਕੀਤੀ ਹੈ ਕਿ ਉਹ ਇਸ ਵਕਤ ਕਾਂਗਰਸ ਪਾਰਟੀ ਦੀ ਟਿਕਟ ਤੋਂ ਜਿੱਤ ਕੇ ਨਗਰ ਨਿਗਮ ਸਦਨ ਵਿੱਚ ਆਏ ਹਨ ਤੇ ਕੁਲਵੰਤ ਸਿੰਘ ਸਿੱਧੂ ਖੁਦ ਇਸ ਵਕਤ 'ਆਪ' ਦੇ ਵਿਧਾਇਕ ਹਨ। ਸ਼ੀਰਾ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਦੀ ਸਖ਼ਸ਼ੀਅਤ ਅਤੇ ਕੰਮਾਂ ਨੂੰ ਦੇਖ ਕੇ ਵੋਟ ਪਾਈ ਹੈ ਨਾ ਕਿ ਸੂਬੇ ਦੀ 'ਆਪ' ਸਰਕਾਰ ਨੂੰ ਦੇਖ ਕੇ ਵੋਟ ਪਾਈ ਹੈ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਜੇਕਰ ਹਲਕੇ ਦੇ ਕੌਂਸਲਰ ਨੂੰ ਨਾਲ ਲੈ ਕੇ ਉਨ੍ਹਾਂ ਦੇ ਖਾਤੇ ਵਿੱਚ ਪਏ ਨਵੇਂ ਲੱਗੇ ਟਿਊਬਵੈੱਲ ਦਾ ਉਦਘਾਟਨ ਕਰਦੇ ਤਾਂ ਇਲਾਕੇ ਦੇ ਲੋਕਾਂ ਵਿੱਚ ਉਨ੍ਹਾਂ ਦਾ ਸਤਿਕਾਰ ਹੋਰ ਵੱਧਦਾ। ਕੌਂਸਲਰ ਸੀਰਾ ਨੇ ਇਹ ਵੀ ਕਿਹਾ ਕਿ ਅੱਜ ਇਲਾਕੇ ਦੀਆਂ ਗਲੀਆਂ ਅਤੇ ਸੜਕਾਂ ਦਾ ਜੋ ਬੁਰਾ ਹਾਲ ਹੈ ਉਹ ਵੀ ਲੋਕਾਂ ਨੂੰ ਸਾਹਮਣੇ ਦਿਖਾਈ ਦੇ ਰਿਹਾ ਹੈ। ਅੱਜ ਲੋਕ ਸੱਚ ਤੇ ਝੂਠ ਨੂੰ ਪਹਿਚਾਨਣ ਵਿੱਚ ਦੇਰ ਨਹੀਂ ਲਗਾਉਂਦੇ। ਇਸ ਲਈ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਲੋਕਾਂ ਵਿੱਚ ਫੋਕੀ ਸੋਹਰਤ ਖੱਟਣ ਵਾਲੇ ਪੈਂਤੜਿਆਂ ਤੋਂ ਬਾਜ ਆਉਣਾ ਚਾਹੀਦਾ ਹੈ। ਸ਼ੀਰਾ ਨੇ ਕਿਹਾ ਕਿ ਇਹ ਨਵਾਂ ਟਿਊਬਵੈੱਲ 12 ਲੱਖ ਰੂ: ਦੀ ਲਾਗਤ ਨਾਲ ਨਹੀਂ ਸਗੋਂ 10 ਲੱਖ ਰੁਪਏ ਦੀ ਲਾਗਤ ਨਾਲ ਲੱਗਿਆ ਹੈ।

# ਛਿੰਝ ਮੇਲੇ ਵਿੱਚ 51000 ਰੁਪਏ ਦਾ ਤੀਸਰਾ ਪਟਕਾ ਜਗਦੀਸ਼ ਸਿੰਘ ਰਾਮੇਵਾਲ ਦਾ ਹੋਵੇਗਾ





**ਜਗਦੀਸ਼ ਸਿੰਘ ਸਾਬਕਾ ਸਰਪੰਚ ਰਾਮੇਵਾਲ ਲਾਡੀ ਸਿੰਘ ਯੂ ਐਸ ਏ**

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਲੱਖਾਂ ਦੇ ਦਾਤੇ ਦੀ ਯਾਦ ਵਿੱਚ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਨੂਰਮਹਿਲ ਦੇ 121ਵੇਂ ਛਿੰਝ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ । ਇਸ ਛਿੰਝ ਮੇਲੇ ਵਿੱਚ ਭਾਰਤ ਦੇ ਨਾਮੀ ਪਹਿਲਵਾਨ ਆਪਣੀਆਂ ਕੁਸ਼ਤੀਆਂ ਦੇ ਜੌਹਰ ਦਿਖਾਉਣਗੇ। ਛਿੰਝ ਮੇਲੇ ਦੀ ਪਟਕੇ ਦੀ ਤੀਸਰੀ ਕੁਸ਼ਤੀ ਦਾ 51000 ਰੁਪਏ ਦੇ ਪਟਕੇ ਦਾ ਇਨਾਮ ਜਗਦੀਸ਼ ਸਿੰਘ ਦੀਸ਼ਾ ਸਾਬਕਾ ਸਰਪੰਚ ਰਾਮੇਵਾਲ, ਉਹਨਾਂ ਦੇ ਸਪੁੱਤਰ ਲਾਡੀ ਸਿੰਘ ਵਲੋਂ ਸਵਰਗਵਾਸੀ ਜਸਪਾਲ ਸਿੰਘ ਕਾਲਾ ਦੀ ਯਾਦ ਵਿੱਚ ਦਿੱਤਾ ਜਾਵੇਗਾ। ਇਸ ਛਿੰਝ ਮੇਲੇ ਵਿੱਚ ਐਮ ਪੀ ਜਲੰਧਰ ਚਰਨਜੀਤ ਸਿੰਘ ਚੰਨੀ, ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ, ਸਾਬਕਾ ਵਿਧਾਇਕ ਨਕੋਦਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਡਾਕਟਰ ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ਼ ਕਾਂਗਰਸ ਨਕੋਦਰ ਅਤੇ ਅਦਿੱਤਿਆ ਭਟਾਰਾ ਹਲਕਾ ਇੰਚਾਰਜ਼ ਭਾਜਪਾ ਨਕੋਦਰ ਵਿਸ਼ੇਸ਼ ਤੌਰ ਤੇ ਪੁੱਜ ਰਹੇ ਹਨ। ਛਿੰਝ ਮੇਲੇ ਵਿੱਚ ਘੋੜੀਆਂ ਦੀਆਂ ਦੌੜਾਂ ਅਤੇ ਟਰੈਕਟਰ ਤਵੀਆਂ ਦੇ ਮੁਕਾਬਲੇ ਵੀ ਕਰਵਾਏ ਜਾਣਗੇ ।

# ਜ਼ਿਲ੍ਹਾ ਪੱਧਰੀ ਰੈਡ ਰਿਬਨ ਕੁਇੱਜ, ਫੋਕ ਡਾਂਸ ਅਤੇ ਰੋਲ ਪਲੇ ਮੁਕਾਬਲੇ ਕਰਵਾਏ ਗਏ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਹੁਕਮਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਅਤੇ ਉੱਪ ਜਿਲਾ ਸਿੱਖਿਆ ਅਫਸਰ ਲਖਬੀਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨੌਰਾ ਵਿਖੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਸਤਨਾਮ ਸਿੰਘ ਦੀ ਦੇਖ ਰੇਖ ਹੇਠ ਕਿਸ਼ੋਰ ਅਵਸਥਾ ਸਿੱਖਿਆ ਪ੍ਰੋਗਰਾਮ ਅਧੀਨ ਰੈਡ ਰਿਬਨ ਕੁਇੱਜ ਅਤੇ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਦੇ ਰੋਲ ਪਲੇ ਅਤੇ ਫੋਕ ਡਾਂਸ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਜ਼ਿਲ੍ਹੇ ਦੀਆਂ ਵੱਖ ਵੱਖ ਟੀਮਾਂ ਨੇ ਬਹੁਤ ਵੱਧ ਚੜ ਕੇ ਭਾਗ ਲਿਆ। ਇਸ ਮੌਕੇ ਜਿਲਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਨੇ ਕਿਹਾ ਕਿ ਅਜੋਕੇ ਸਮਾਜ ਵਿੱਚ ਵਿਦਿਆਰਥੀਆਂ ਨੂੰ ਕਿਸ਼ੋਰ ਅਵਸਥਾ ਅਧੀਨ ਆਉਣ ਵਾਲੀਆਂ ਸਮੱਸਿਆਵਾਂ ,ਬਦਲਾਓ ਆਦਿ ਸਬੰਧੀ ਅਵੇਅਰਨੈਸ ਫੈਲਾਉਣ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ। ਕਿਸ਼ੋਰ ਅਵਸਥਾ ਕਾਰਨ ਵਿਦਿਆਰਥੀਆਂ ਵਿੱਚ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਹੋਣਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ। ਰੈਡ ਰਿਬਨ ਕੁਇੱਜ ਮੁਕਾਬਲਿਆਂ ਵਿੱਚ ਸਕੂਲ ਆਫ ਐਮੀਨੈਂਸ ਨਵਾਂ ਸ਼ਹਿਰ ਦੀਆਂ ਵਿਦਿਆਰਥਣਾਂ ਗੁਰਲੀਨ ਕੌਰ ਅਤੇ ਜਸਮੀਨ, ਪੀਐਮ ਸ਼੍ਰੀ ਲੰਗੜੋਆ ਸਕੂਲ ਦੀਆਂ ਵਿਦਿਆਰਥਣਾਂ ਰਾਜਵੀਰ ਕੌਰ ਅਤੇ ਵਿਸਾਖਾ, ਰਟੈਂਡਾ ਸਕੂਲ ਦੀਆਂ ਵਿਦਿਆਰਥਣਾਂ ਸਿਮਰਨਜੀਤ ਕੌਰ ਅਤੇ ਗੁਰਕੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਕੇ ਕ੍ਰਮਵਾਰ 4000, 3000 ਅਤੇ 2000 ਦਾ ਇਨਾਮ ਜਿੱਤਿਆ। ਇਸੇ ਤਰ੍ਹਾਂ ਜ਼ਿਲ੍ਹਾ ਪਧਰੀ ਰੋਲ ਪਲੇ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਕੰਦਪੁਰ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੁੰਮਣ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਦਾਨਾ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਜ਼ਿਲ੍ਹਾ ਪੱਧਰੀ ਕਰਵਾਏ ਗਏ ਫੋਕ ਡਾਂਸ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਰਾਲਾ, ਸਰਕਾਰੀ ਹਾਈ ਸਕੂਲ ਮੇਹਲੀ ਅਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਬਲਾਚੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੋਮੈਂਟੋ ਦੇ ਨਾਲ ਵਰਿੰਦਰ ਕੁਮਾਰ ਪ੍ਰਿੰਸੀਪਲ ਡਾਇਟ ਨੌਰਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਭਾਸ਼ ਸੱਲਵੀ, ਰਾਮ ਲਾਲ, ਅਨੀਤਾ ਭਾਰਤੀ ,ਸਟੇਟ ਅਵਾਰਡੀ ਮੈਡਮ ਕਵਿਤਾ ਸਭਰਵਾਲ, ਗੁਰਦੀਪ ਸਿੰਘ, ਸਤਪਾਲ ਸਿੰਘ, ਦਲਜੀਤ ਸਿੰਘ, ਸੁਖਵਿੰਦਰ ਲਾਲ ਅਤੇ ਬਲਜਿੰਦਰ ਸਿੰਘ ਵੱਲੋਂ ਬਤੌਰ ਜੱਜਮੈਂਟ ਭੂਮਿਕਾ ਨਿਭਾਈ ਗਈ। ਪ੍ਰੋਗਰਾਮ ਦੇ ਅਖੀਰ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਇੰਚਾਰਜ ਮੈਡਮ ਰਵਿਤਾ ਢਿੱਲੋਂ ਵੱਲੋਂ ਆਏ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

# ਹੜ੍ਹ ਪੀੜਤਾਂ ਦੀ ਮਦਦ ਲਈ ਸਿੱਖਿਆ ਵਿਭਾਗ ਨੇ ਸੌਂਪਿਆ 18 ਲੱਖ ਦਾ ਚੈਕ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ ਦੀ ਅਗਵਾਈ ਹੇਠ ਸਿੱਖਿਆ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ 18 ਲੱਖ ਰੁਪਏ ਦਾ ਚੈਕ ਅੱਜ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੂੰ ਭੇਂਟ ਕੀਤਾ ਗਿਆ। ਇਸ ਮੌਕੇ ਟਾਂਡਾ ਦੇ ਐਸ.ਡੀ.ਐਮ. ਪਰਮਪ੍ਰੀਤ ਸਿੰਘ, ਉਪ-ਜ਼ਿਲ੍ਹਾ ਸਿੱਖਿਆ ਅਧਿਕਾਰੀ ਅਮਨਦੀਪ ਸ਼ਰਮਾ ਸਮੇਤ ਵਿਭਾਗੀ ਅਧਿਕਾਰੀ ਤੇ ਪ੍ਰਿੰਸਿਪਲ ਖ਼ਾਸ ਤੌਰ 'ਤੇ ਮੌਜੂਦ ਸਨ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਿੱਖਿਆ ਵਿਭਾਗ ਦੀ ਇਸ ਸੰਵੇਦਨਸ਼ੀਲ ਪਹਿਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਹਾਲ ਹੀ ਵਿੱਚ ਆਈ ਕੁਦਰਤੀ ਆਫ਼ਤ ਨੇ ਕਈ ਪਰਿਵਾਰਾਂ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਅਜੇਹੇ ਸਮੇਂ ਹਰ ਵਰਗ ਦਾ ਸਹਿਯੋਗ ਬਹੁਤ ਕੀਮਤੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਰਾਹਤ ਅਤੇ ਪੁਨਰਵਾਸ ਕਾਰਜ ਯੁੱਧ ਪੱਧਰ 'ਤੇ ਚਲਾਇਆ ਜਾ ਰਿਹਾ ਹੈ ਅਤੇ ਸਿੱਖਿਆ ਵਿਭਾਗ ਦਾ ਇਹ ਯੋਗਦਾਨ ਪ੍ਰਭਾਵਿਤ ਪਰਿਵਾਰਾਂ ਲਈ ਵੱਡੀ ਰਾਹਤ ਸਾਬਤ ਹੋਵੇਗਾ। ਉਨ੍ਹਾਂ ਇਹ ਵੀ ਆਸ ਜਤਾਈ ਕਿ ਇਹ ਕਦਮ ਹੋਰ ਸੰਸਥਾਵਾਂ ਅਤੇ ਸੰਗਠਨਾਂ ਲਈ ਵੀ ਪ੍ਰੇਰਣਾ ਬਣੇਗਾ। ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ ਨੇ ਕਿਹਾ ਕਿ ਅਧਿਆਪਕ ਵਰਗ ਹਮੇਸ਼ਾਂ ਤੋਂ ਹੀ ਸਮਾਜ ਸੇਵਾ ਅਤੇ ਰਾਸ਼ਟਰ ਨਿਰਮਾਣ ਵਿੱਚ ਅਗਵਾਈ ਕਰਦਾ ਰਿਹਾ ਹੈ। ਇਹ ਯੋਗਦਾਨ ਵੀ ਉਸੇ ਭਾਵਨਾ ਦਾ ਪ੍ਰਤੀਕ ਹੈ ਕਿ ਮੁਸ਼ਕਲ ਵੇਲੇ ਪੀੜਤਾਂ ਦੀ ਮਦਦ ਕਰਨਾ ਸਾਡਾ ਨੈਤਿਕ ਫਰਜ਼ ਹੈ।

# ਹੜ੍ਹਾਂ ਨਾਲ ਪ੍ਰਭਾਵਿਤ ਹੋਏ ਸਾਰੇ ਵਰਗਾਂ ਨੂੰ ਬਰਾਬਰ ਦੇ ਲਾਭ ਦਿੱਤੇ ਜਾਣੇ ਚਾਹੀਦੇ ਹਨ - ਪ੍ਰਧਾਨ ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਦਿਨੀਂ ਆਏ ਹੜ੍ਹਾਂ ਦੇ ਪ੍ਰਕੋਪ ਕਾਰਨ ਹਰ ਵਰਗ ਪ੍ਰਭਾਵਿਤ ਹੋਇਆ ਹੈ। ਜਿਸ ਨਾਲ ਸਾਰਿਆਂ ਦਾ ਆਰਥਿਕ ਸੰਤੁਲਨ ਵਿਗੜ ਗਿਆ ਹੈ । ਅਪਣੇ ਜਨ ਜੀਵਨ ਦੀ ਗੱਡੀ ਨੂੰ ਲੀਹ ਤੇ ਲਿਆਉਣ ਲਈ ਹਰ ਕੋਈ ਸੰਘਰਸ਼ਸ਼ੀਲ ਹੈ। ਸਰਕਾਰ ਨੂੰ ਕਿਸਾਨਾਂ ਦੇ ਨਾਲ ਨਾਲ ਮਜ਼ਦੂਰਾਂ ਅਤੇ ਮੱਧ ਵਰਗ ਦੇ ਪੀੜਤਾਂ ਦਾ ਵੀ ਹੱਥ ਫੜਨਾ ਚਾਹੀਦਾ ਹੈ । ਉਨ੍ਹਾਂ ਲਈ ਸਪੈਸ਼ਲ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਵਾਰਤਾ ਦੌਰਾਨ ਰੱਖੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਬੇਮੌਸਮੀ ਬਰਸਾਤ ਕਾਰਨ ਆਏ ਹੜ੍ਹਾਂ ਕਾਰਨ ਹਰ ਵਰਗ ਪ੍ਰਭਾਵਿਤ ਹੋਇਆ ਹੈ। ਜਿਸ ਨਾਲ ਆਮ ਲੋਕਾਂ ਦਾ ਜਨਜੀਵਨ ਅਸਤ ਵਿਅਸਤ ਹੋ ਗਿਆ ਹੈ। ਪਰ ਸਾਡੇ ਦੇਸ਼ ਦੀਆਂ



ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਉਨ੍ਹਾਂ ਦੀ ਮਦਦ ਕਰਨ ਦੀ ਵਜਾਏ ਇਕ ਦੂਸਰੇ ਉੱਪਰ ਦੂਸ਼ਣਬਾਜ਼ੀ ਕਰਕੇ ਆਪਣੀ ਰਾਜਨੀਤੀ ਚਮਕਾ ਰਹੇ ਹਨ । ਪਰ ਇਸ ਸਮੇਂ ਮੌਕਾ ਆਰੋਪਵਾਜੀ ਦੀ ਰਾਜਨੀਤੀ ਚੋਂ ਨਿੱਕਲ ਕੇ ਪੀੜ੍ਹਤਾਂ ਦਾ ਹੱਥ ਫੜਨ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਦਾ ਹੈ । ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਵੀ ਇਸ ਪ੍ਰਕੋਪ ਨਾਲ ਪ੍ਰਭਾਵਿਤ ਹੋਇਆ ਹੈ। ਦੋ ਹਫ਼ਤਿਆਂ ਦੀ ਲਗਾਤਾਰ ਬਰਸਾਤ ਕਾਰਨ ਹਰ ਇਕ ਮਜਦੂਰ ਬਿਨਾਂ ਮਜ਼ਦੂਰੀ ਤੋਂ ਘਰ ਬੈਠਾ ਰਿਹਾ ਅਤੇ ਉਹਨਾਂ ਦੇ ਮਕਾਨ ਵੀ ਬਾਰਿਸ਼ ਕਰਨ ਨੁਕਸਾਨੇ ਗਏ। ਹਰ ਰੋਜ਼ ਮਜ਼ਦੂਰੀ ਕਰਕੇ ਉਸ ਨਾਲ ਹੀ ਗੁਜ਼ਾਰਾ ਕਰਨ ਵਾਲੇ ਮਜ਼ਦੂਰ ਦੀ ਆਰਥਿਕ ਹਾਲਤ ਕਾਫੀ ਖਰਾਬ ਹੋ ਗਈ ਹੈ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰ ਨੂੰ ਕਿਸਾਨ ਦੇ ਨਾਲ ਨਾਲ ਮਜ਼ਦੂਰ ਅਤੇ ਮੱਧ ਵਰਗ ਦੇ ਪੀੜ੍ਹਤਾਂ ਦਾ ਵੀ ਹੱਥ ਫੜਨਾ ਚਾਹੀਦਾ ਹੈ। ਉਨ੍ਹਾਂ ਦੇ ਨੁਕਸਾਨ ਦਾ ਜਾਇਜ਼ਾ ਲੈ ਕੇ ਇਕ ਸਪੈਸ਼ਲ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ।

for more news visit:
www.samajweekly.com

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਲੋਕਾਂ ਦੇ ਮਾੜੇ ਚੰਗੇ ਵਕਤ ਵਿੱਚ ਨਾਲ ਖੜ੍ਹਨ ਵਾਲੀ ਜਥੇਬੰਦੀ ਹੈ:- ਡਾਕਟਰ ਪ੍ਰੇਮ ਸਲੋਹ, ਡਾਕਟਰ ਬਲਕਾਰ ਕਟਾਰੀਆ, ਡਾਕਟਰ ਮੰਗਤ ਰਾਏ

**ਬਲਾਚੌਰ (ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਬਲਾਚੌਰ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਮੰਗਤ ਰਾਏ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ, ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਬਲਾਚੌਰ ਦੇ ਪ੍ਰਧਾਨ ਡਾਕਟਰ ਮੰਗਤ ਰਾਏ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਕੋਈ ਧਾਰਮਿਕ ਜਾਂ ਰਾਜਨੀਤਕ ਜਥੇਬੰਦੀ ਨਹੀਂ ਹੈ ਬਲਕਿ ਇੱਕ ਕਿੱਤੇ ਨੂੰ ਬਚਾਉਣ ਲਈ ਸੰਘਰਸ਼ ਕਰਨ ਦੇ ਨਾਲ ਨਾਲ ਲੋਕਾਂ ਦੇ ਮਾੜੇ ਚੰਗੇ ਵਕਤ ਵਿੱਚ ਉਨ੍ਹਾਂ ਦੇ ਹਰ ਤਕਲੀਫ਼ ਉਨ੍ਹਾਂ ਦੇ ਨਾਲ ਖੜ੍ਹਨ ਵਾਲੀ ਜਥੇਬੰਦੀ ਹੈ। ਜਿਸ ਦੀ ਤਾਜ਼ਾ ਮਿਸਾਲ ਜਦੋਂ ਦੇ ਪੰਜਾਬ ਵਿੱਚ ਹੜ੍ਹ ਆਏ ਹਨ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ



ਐਸੋਸੀਏਸ਼ਨ ਵਲੋਂ ਫ਼੍ਰੀ ਮੈਡੀਕਲ ਕੈਂਪ ਆਯੋਜਿਤ ਕਰਕੇ ਲਗਭਗ 20 ਦਿਨਾਂ ਤੋਂ ਹੜ ਪੀੜਤਾਂ ਨੂੰ ਫ਼੍ਰੀ ਮੈਡੀਕਲ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸਮੁੱਚੀ ਸੂਬਾ ਕਮੇਟੀ ਦੀ ਅਗਵਾਈ ਵਿੱਚ ਜਿੱਥੇ ਜਥੇਬੰਦੀ ਆਪਣੇ ਮੈਂਬਰਾਂ ਦੀਆਂ ਕਲੀਨਿਕਾਂ ਦੀ ਰਾਖੀ ਲਈ ਬਚਨਬੱਧ ਹੈ ਉੱਥੇ ਹੀ ਸਮਾਜ ਲਈ ਭਲਾਈ ਦੇ ਕੰਮਾਂ ਵਿੱਚ ਮੋਹਰੀ ਰੋਲ ਅਦਾ ਕਰਦੀ ਹੈ। ਇਸ ਵਕਤ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਭਗ ਦਸ ਥਾਵਾਂ ਤੇ ਲਗਾਤਾਰ ਫ਼੍ਰੀ ਮੈਡੀਕਲ ਕੈਂਪ ਲਗਾਕੇ ਮੈਡੀਕਲ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਵਲੋਂ ਬਲਾਕ ਬਲਾਚੌਰ ਦੇ ਮੈਂਬਰਾਂ ਨੂੰ ਐਸੋਸੀਏਸ਼ਨ ਦੇ ਨਵੇਂ ਬਣੇ ਡਿਜ਼ੀਟਲ ਸਰਟੀਫਿਕੇਟ,ਆਈ ਕਾਰਡ, ਲੋਗੋ ਅਤੇ ਡਿਜ਼ੀਟਲ ਫਲੈਕਸ ਬੋਰਡ ਵੰਡੇ ਗਏ। ਬਲਾਕ ਪ੍ਰਧਾਨ ਡਾਕਟਰ ਮੰਗਤ ਰਾਏ ਅਤੇ ਸਮੂਹ ਮੈਂਬਰਾਂ ਵਲੋਂ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਬਲਾਕ ਕੈਸ਼ੀਅਰ ਡਾਕਟਰ ਸੁਰਿੰਦਰ ਕੁਮਾਰ ਟੌਂਸਾ,ਉਪ ਪ੍ਰਧਾਨ ਡਾਕਟਰ ਰਣਧੀਰ ਸਿੰਘ, ਜ਼ਿਲ੍ਹਾ ਮੈਂਬਰ ਡਾਕਟਰ ਗੁਰਨਾਮ ਸਿੰਘ, ਲੇਡੀਜ਼ ਡਾਕਟਰ ਮੈਡਮ ਸੰਦੀਪ ਕੌਰ, ਡਾਕਟਰ ਸੁਰਿੰਦਰ ਬੇਗੋਵਾਲ, ਡਾਕਟਰ ਪਵਨ ਟੌਂਸਾ, ਡਾਕਟਰ ਨਰੇਸ਼ ਕੁਮਾਰ, ਡਾਕਟਰ ਭੁਪਿੰਦਰ ਸਿੰਘ, ਡਾਕਟਰ ਦਵਿੰਦਰ ਸੈਣੀ, ਡਾਕਟਰ ਸੁਰਜੀਤ ਚੀਮਾ, ਡਾਕਟਰ ਅਮਜ਼ਦ ਅਲੀ, ਡਾਕਟਰ ਸੰਜੀਵ ਕੁਮਾਰ ਅਤੇ ਡਾਕਟਰ ਰਾਜੇਸ਼ ਕੁਮਾਰ ਆਦਿ ਮੈਂਬਰ ਹਾਜ਼ਰ ਸਨ।

# ਪੰਜਾਬੀ ਗਜ਼ਲ ਦੇ ਪਾਠਕਾਂ ਅਤੇ ਗਜ਼ਲ ਸੁਣਨ ਵਾਲਿਆਂ ਲਈ ਇੱਕ ਹੋਰ ਨਜ਼ਰਾਨਾ 'ਪਿੰਡ ਦੇ ਰਾਹ'

**ਫ਼ਰੀਦਕੋਟ।(ਵਤਨਵੀਰ ਜ਼ਖਮੀ)** ਵਿੰਦਰ ਮਾਝੀ ਦੇ ਬੈਨਰ ਹੇਠ ਜਲਦ ਹੀ ਰਿਲੀਜ਼ ਹੋਣ ਜਾ ਰਹੀ ਪੰਜਾਬੀ ਗ਼ਜ਼ਲ "ਪਿੰਡ ਦੇ ਰਾਹ " ਨਵੇਂ ਤੇ ਪੁਰਾਣੇ ਗਜ਼ਲ ਪਾਠਕਾਂ ਅਤੇ ਗ਼ਜ਼ਲ ਸੁਣਨ ਵਾਲਿਆਂ ਲਈ ਇੱਕ ਨਵਾਂ ਸੁਨੇਹਾ ਲੈ ਕੇ ਆ ਰਹੀ ਹੈ। ਇਸ ਗ਼ਜ਼ਲ ਨੇ ਆਪਣੇ ਸਿਰਲੇਖ ਵਾਂਗ ਆਪਣੇ ਆਪ ਵਿੱਚ ਪਿੰਡ ਦੀਆਂ ਗਲੀਆਂ ਤੇ ਵਿਰਸੇ ਦੀ ਖੁਸ਼ਬੋ ਸਮੇਟੀ ਹੋਈ ਹੈ। ਮੈਨੂੰ ਸੰਪੂਰਨ ਉਮੀਦ ਹੈ ਕਿ ਇਹ ਗ਼ਜ਼ਲ ਦਰਸ਼ਕਾਂ ਦੇ ਮਨਾਂ ਨੂੰ ਜਰੂਰ ਆਨੰਦਿਤ ਕਰੇਗੀ। ਇਸ ਗ਼ਜ਼ਲ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਇੱਕ ਸਮੂਹਿਕ ਕਲਾਕਾਰੀ ਦੇ ਨਤੀਜੇ ਵਜੋਂ ਸਾਹਮਣੇ ਆ ਰਹੀ ਹੈ, ਜਿਸ ਵਿੱਚ ਹਰੇਕ ਯੋਗਦਾਨੀ ਦੀ ਭੂਮਿਕਾ ਮਹੱਤਵਪੂਰਨ ਹੈ। ਪੰਜਾਬ ਹੀ ਨਹੀਂ ਬਲਕਿ ਵਿਸ਼ਵ ਭਰ ਦੇ ਪ੍ਰਸਿੱਧ ਗਾਇਕ ਅਤੇ ਸੰਗੀਤਕਾਰ ਸੁਨੀਲ ਡੋਗਰਾ ਨੇ ਇਸ ਗ਼ਜ਼ਲ ਨੂੰ ਆਪਣੀ ਬਹੁਤ ਹੀ ਮਿੱਠੀ ਆਵਾਜ਼ ਵਿੱਚ ਗਾਇਆ ਹੈ ਅਤੇ ਇਸ ਗ਼ਜ਼ਲ ਦਾ ਸੰਗੀਤ ਵੀ ਉਨ੍ਹਾਂ ਨੇ ਹੀ ਦਿੱਤਾ ਹੈ। ਇਹ ਉਨ੍ਹਾਂ ਦੀ ਗਾਇਕੀ ਅਤੇ ਸੰਗੀਤਕ ਰਚਨਾ ਦੋਹਾਂ ਪੱਖਾਂ ਨੂੰ ਦਰਸਾਉਂਦਾ ਹੈ। ਇਸ ਗ਼ਜ਼ਲ ਦੀ ਰਚਨਾ ਪੰਜਾਬ ਦੇ ਉੱਭਰਦੇ ਨੌਜਵਾਨ ਗ਼ਜ਼ਲਗੋ ਵਿੰਦਰ ਮਾਝੀ ਨੇ ਕੀਤੀ ਹੈ। ਇਹ ਗ਼ਜ਼ਲ ਉਨ੍ਹਾਂ ਦੇ ਨਵੇਂ ਆਏ ਗਜ਼ਲ ਸੰਗ੍ਰਹਿ " ਰਮਜ਼ ਫ਼ਕੀਰੀ ਦੀ " ਵਿੱਚੋਂ ਲਈ ਗਈ ਹੈ। ਉਨ੍ਹਾਂ ਦੀ ਕਲਮ




ਤੋਂ ਨਿਕਲੇ ਹਰੇਕ ਸ਼ਬਦ ਵਿੱਚ ਮਿੱਟੀ ਦੀ ਮਹਿਕ, ਜਜ਼ਬਾਤਾਂ ਦੀ ਤੀਬਰਤਾ ਅਤੇ ਵਿਚਾਰਾਂ ਵਿੱਚ ਗਹਿਰਾਈ ਅਤੇ ਉੱਚ ਸੋਚ ਸਾਫ ਦਿਖਾਈ ਦਿੰਦੀ ਹੈ। " ਪਿੰਡ ਦੇ ਰਾਹ " ਵੀ ਉਨ੍ਹਾਂ ਦੀ ਰਚਨ-ਾਤਮਿਕ ਉਡਾਣ ਦਾ ਇੱਕ ਪ੍ਰਤੀਕ ਹੈ। ਇਸ ਗ਼ਜ਼ਲ ਦੀ ਰੂਹਾਨੀ ਅਤੇ ਸੰਗੀਤਕ ਮਜ਼ਬੂਤੀ ਲਈ ਦੋ ਮਹਾਨ ਸੰਗੀਤ ਅਚਾਰੀਆ ਅਤੇ ਸਾਹਿਤਕਾਰ ਉਸਤਾਦ ਰਣਜੀਤ ਸਿੰਘ ਧੂਰੀ ਅਤੇ ਉਸਤਾਦ ਸ੍ਰੀ ਰਾਮ ਅਰਸ਼ ਜੀ ਦਾ ਆਸ਼ੀਰਵਾਦ ਵੀ ਨਾਲ ਹੈ। ਇਸ ਦੇ ਨਾਲ ਹੀ ਪੰਜਾਬ ਦੇ ਜ਼ਿਲ੍ਹੇ ਫ਼ਰੀਦਕੋਟ ਦੇ ਬਾਬਾ ਬੋਹੜ ਕਹੇ ਜਾਂਦੇ ਨਵਰਾਹੀ ਘੁਗਿਆਣਵੀ ਜੀ ਦਾ ਆਸ਼ੀਰਵਾਦ ਵੀ ਲਿਆ ਗਿਆ ਹੈ। ਇਹਨਾਂ ਸਭ ਸ਼ਖਸੀਅਤਾਂ ਦੀ ਰਹਿਨੁਮਾਈ ਮਿਲਣੀ ਕਿਸੇ ਵੀ ਸੰਗੀਤਕ ਯਾਤਰਾ ਲਈ ਮਾਣ ਵਾਲੀ ਗੱਲ ਹੁੰਦੀ ਹੈ। ਇਸ ਪ੍ਰੋਜੈਕਟ ਨੂੰ ਹੋਰ ਰੋਚਕ ਬਣਾਉਣ ਲਈ ਪੋਸਟਰ ਅਤੇ ਵੀਡੀਓ ਦੀ ਰਚਨਾ ਰਾਏ ਮੇਕਰ ਵੱਲੋਂ ਕੀਤੀ ਗਈ ਹੈ। ਇਹ ਵੀਡੀਓ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਿੰਦੂ ਸਾਬਿਤ ਹੋਵੇਗੀ। ਇਸ ਗ਼ਜ਼ਲ ਦੀ ਪੇਸ਼ਕਾਰੀ ਲਈ ਸਾਡੇ ਸਤਿਕਾਰਯੋਗ ਮੈਡਮ ਜਤਿੰਦਰ ਕੌਰ ਚੰਡੀ ਅਤੇ ਮਨਪ੍ਰੀਤ ਕੌਰ ਦਾ ਵਿਸ਼ੇਸ਼ ਹੱਥ ਹੈ ਕਿਉਂਕਿ ਕਿ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਇਹ ਪ੍ਰੋਜੈਕਟ ਸਿਰੇ ਚੜ੍ਹਿਆ ਹੈ। ਇਸ ਲਈ ਇਹਨਾਂ ਦੋਵਾਂ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਸੋ ਅੰਤ ਵਿੱਚ ਕਹਾਂਗਾ ਕਿ " ਪਿੰਡ ਦੇ ਰਾਹ" ਗ਼ਜ਼ਲ ਨਾ ਸਿਰਫ ਇੱਕ ਗੀਤ ਜਾਂ ਗ਼ਜ਼ਲ ਹੈ ਸਗੋਂ ਇਹ ਇੱਕ ਯਾਦਗਾਰੀ ਯਾਤਰਾ ਹੈ ਜੋ ਕਿ ਪੰਜਾਬੀ ਸੱਭਿਆਚਾਰ, ਪਿੰਡਾਂ ਦੀ ਸੁਗੰਧ, ਗ਼ਜ਼ਲ ਦੇ ਗੂੜ੍ਹੇ ਅਹਿਸਾਸ ਅਤੇ ਕਲਾਕਾਰ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦੀ ਹੈ। ਇਹ ਗ਼ਜ਼ਲ ਜਿਸ ਤਰੀਕੇ ਨਾਲ ਲਿਖੀ, ਗਾਈ ਤੇ ਪੇਸ਼ ਕੀਤੀ ਗਈ ਹੈ ਉਹ ਦਰਸ਼ਕਾਂ ਦੇ ਦਿਲ 'ਚ ਇੱਕ ਅਮਿੱਟ ਛਾਪ ਛੱਡਣ ਦੀ ਪੂਰੀ ਸਮਰੱਥਾ ਰੱਖਦੀ ਹੈ।

## ਬਿਮਾਰੀਆਂ ਤੋਂ ਬਚਾਅ ਲਈ ਗ੍ਰਾਮ ਪੰਚਾਇਤ ਅੱਪਰਾ ਨੇ ਫ਼ੌਗਿੰਗ ਸ਼ੁਰੂ ਕੀਤੀ

### ਸਰਪੰਚ ਵਿਨੈ ਕੁਮਾਰ ਡੀ. ਏ. ਵੀ. ਸੀਨੀ. ਸੈਕੰਡਰੀ ਸਕੂਲ ਵਿੱਚ ਖੁਦ ਫੌਗਿੰਗ ਕਰਕੇ ਕੀਤਾ ਆਰੰਭ



**ਫਿਲੌਰ/ਅੱਪਰਾ-(ਦੀਪਾ):-** ਬੀਤੇ ਦਿਨੀਂ ਹੋਈ ਭਾਰੀ ਬਰਸਾਤ ਕਾਰਨ ਆਉਣ ਵਾਲੇ ਸਮੇਂ 'ਚ ਮੌਸਮੀ ਬਿਮਾਰੀਆਂ ਵਾਇਰੀਆ, ਮਲੇਰੀਆ, ਚਿਕਨਗੁਨੀਆ, ਡੇਂਗੂ ਆਦਿਕ ਬਿਮਾਰੀਆਂ ਫੈਲਣ ਦਾ ਵੀ ਭਾਰੀ ਖ਼ਦਸ਼ਾ ਹੈ ਜਿਸ ਕਾਰਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗ੍ਰਾਮ ਪੰਚਾਇਤ ਅੱਪਰਾ ਵਲੋਂ ਕਸਬਾ ਅੱਪਰਾ ਵਿਖੇ ਮੱਛਰ ਆਦਿ ਦੇ ਖਾਤਮੇ ਲਈ ਫੌਗਿੰਗ ਸ਼ੁਰੂ ਕੀਤੀ ਗਈ ਹੈ। ਸਰਪੰਚ ਵਿਨੈ ਕੁਮਾਰ ਅਨੁਸਾਰ ਪਹਿਲੇ ਪੜਾਅ 'ਚ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ, ਸਰਕਾਰੀ ਪ੍ਰਾਇਮਰੀ ਸਕੂਲ ਅੱਪਰਾ, ਡੀ. ਏ. ਵੀ. ਸੀਨੀ. ਸੈਕੰ. ਸਕੂਲ ਅੱਪਰਾ, ਇੰਦਰਾ ਕਲੋਨੀ, ਡਾ. ਅੰਬੇਡਕਰ ਮਹੱਲਾ ਅਤੇ ਹੋਰ ਖੇਤਰਾਂ 'ਚ ਫੌਗਿੰਗ ਕੀਤੀ ਗਈ ਹੈ। ਆਉਣ ਵਾਲੇ ਦਿਨਾਂ 'ਚ ਬਾਕੀ ਰਹਿੰਦੇ ਵਿਦਿਅਕ ਅਦਾਰਿਆਂ, ਬੈਕਾਂ, ਧਾਰਮਿਕ ਅਦਾਰਿਆਂ, ਜਿੰਮਾਂ, ਸਾਰੇ ਹੀ ਬਜ਼ਾਰਾਂ ਅਤੇ ਮਹੱਲਿਆਂ 'ਚ ਫੌਗਿੰਗ ਕੀਤੀ ਜਾਵੇਗੀ।

# ਡਾ ਅੰਬੇਡਕਰ ਮੇਮੋਰੀਅਲ ਕਮੇਟੀ ਪੰਜਾਬ ਤੇ ਗਰੇਟ ਬ੍ਰਿਟੇਨ ਵਲੋਂ ਲਗਾਇਆ ਗਿਆ ਫ੍ਰੀ ਮੈਡੀਕਲ ਚੈਕਅੱਪ

## ਹੜ ਪੀੜਤਾਂ ਨੂੰ ਰਾਹਤ ਦੇਣ ਦਾ ਕੰਮ ਸਮਾਜਸੇਵੀ ਸੰਸਥਾਵਾਂ ਲਗਾਤਾਰ ਕਰ ਰਹੀਆਂ ਹਨ : ਪ੍ਰਵੀਨ ਬੰਗਾ







**ਫਗਵਾੜਾ (ਚਰਨਜੀਤ ਸੱਲ੍ਹਾਂ)** – ਡਾ. ਅੰਬੇਡਕਰ ਮੇਮੋਰੀਅਲ ਕਮੇਟੀ ਪੰਜਾਬ ਅਤੇ ਗਰੇਟ ਬ੍ਰਿਟੇਨ ਅਤੇ ਡਾ ਅੰਬੇਡਕਰ ਬੁਧਿੱਸਟ ਰਿਸੋਰਸ ਸੈਟਰ ਮੈਨੇਜਿਗ ਕਮੇਟੀ ਸੂੰਢ ਵਲੋ ਹੱੜ ਪੀੜਤਾ ਦੀ ਸਹਾਇਤਾ ਲਈ ਹੱੜਾ ਦਾ ਪਾਣੀ ਉਤਰਨ ਤੋ ਬਾਦ ਲੋਕਾ ਦੀ ਸਿਹਤ ਸਹੂਲਤਾ ਨੂੰ ਮੁੱਖ ਰੱਖ ਕੇ ਇੱਕ ਵਿਸ਼ਾਲ ਫ੍ਰੀ ਮੈਡੀਕਲ ਚੈਕਅੱਪ ਕੈਪ ਪਿੰਡਾ ਚੈਤਾ ਵਿੱਖੇ ਲਗਾਇਆ ਗਿਆ ਇਹ ਕੈਪ ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਆਗਵਾਈ ਹੇਠ ਲਗਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਾਜੋ ਬੀ ਐਸ ਪੀ ਸੂਬਾ ਸੱਕਤਰ ਪ੍ਰਵੀਨ ਬੰਗਾ ਉਘੇ ਅੰਬੇਡਕਰੀ ਸਮਾਜਸੇਵੀ ਵਿਸ਼ੇਸ ਤੌਰ ਤੇ ਹਾਜਿਰ ਹੋਏ ਕੈਪ ਦਾ ਸੁੱਭ ਆਰੰਭ ਰੀਬਨ ਕੱਟ ਕੇ ਕੀਤਾ ਗਿਆ ਇਸ ਕੈਪ ਦੌਰਾਨ ਡਾਕਟਰਾ ਦੀਆ ਮਾਹਿਰ ਟੀਮਾ ਡਾ. ਅਜੇ ਕੁਮਾਰ ਟੂਰਾ ਜੋ ਕਿ ਸਪੈਸ਼ਲਿਟ ਨੇ ਮਰੀਜਾ ਦੀਆ ਵੱਖ ਵੱਖ ਬੀਮਾਰੀਆ ਦੇਖ ਕੇ ਫ੍ਰੀ ਦਵਾਈਆ ਦਿੱਤੀਆ ਇਸੇ ਤਰਾ ਅੱਖਾ ਦੇ ਮਾਹਿਰ ਡਾਕਟਰ ਪਰਦੀਪ ਕੁਮਾਰ ਨੇ ਅੱਖਾ ਟੇਸਟ,ਖੁਨ ਟੇਸਟ,ਈ.ਸੀ.ਜੀ ਦੇ ਟੇਸਟ ਕਰਕੇ ਮਰੀਜਾ ਨੂੰ ਧੁੱਪ ਤੇ ਨਜਰ ਦੀਆ ਐਨਕਾ ਵੀ ਦਿੱਤੀਆ ਗਿਆ ਇਸ ਮੋਕੇ ਮੁੱਖ ਮਹਿਮਾਨ ਵਾਜੋ ਹਾਜਿਰ ਹੋਏ ਸ਼੍ਰੀ ਪ੍ਰਵੀਨ ਬੰਗਾ ਨੇ ਕਮੇਟੀ ਵਲੋ ਕੀਤੇ ਇਸ ਕਾਰਜ ਦੀ ਸਲਾਘਾ ਕੀਤੀ ਤੇ ਕਿਹਾ ਕਿ ਸਮੇ ਦੀ ਮੁੱਖ ਲੋੜ ਸੀ ਇਸ ਤਰਾ ਦੇ ਕੈਮ ਲਗਾਉਣ ਦੀ / ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਇਸ ਕੈਪ ਵਿੱਚ ਸਹਿਯੋਗ ਕਰਨ ਵਾਲੇ ਪਿੰਡ ਵਾਸੀ ,ਡਾਕਟਰਾ ਦੀ ਟੀਮਾ ਦਾ ਧੰਨਵਾਦ ਕੀਤਾ ਤੇ ਉਨਾ ਕਿਹਾ ਕਿਹਾ ਕਿ 280 ਦੇ ਕਰੀਬ ਮਰੀਜਾ ਨੂੰ ਚੈਕਅਪ ਕਰ ਦਵਾਇਆ ਫ੍ਰੀ ਦਿੱਤੀਆ ਗਈਆ ਇਸ ਮੌਕੇ ਹਰਬਲਾਸ ਬਸਰਾ , ਸੁਰਿੰਦਰ ਪਾਲ ਹੀਰਾ , ਬਸਪਾ ਆਗੂ ਵਿਜੇ ਕੁਮਾਰ ਗੁਣਾਚੌਰ,ਐਨ ਆਰ ਆਈ ਸੁਰਜੀਤ ਝੰਡੇਰ,ਬੀ.ਕੇ ਰਤੂ , ਡਾ.ਸੁਰਜੀਤ ਸਿੰਘ ਚੇਤਾ ,ਵਿਜੇ ਕੁਮਾਰ ਚੇਤਾ, ਅਸ਼ੋਕ ਕੁਮਾਰ,ਕਰਨ ਵਿਲਾਸ,ਸਤਨਾਮ ਸਿੰਘ, ,ਮਨਰੂਪ,ਸਨਦੀਪ ਕੌਰ,ਮੀਨਾ ਰਾਣੀ ,ਹਰਜਿੰਦਰ,ਬਲਵੀਰ ਸੰਧੂ , ਅਤੇ ਪ੍ਰਬੰਧਕਾ ਵਲੋ ਆਇਆ ਹੋਏ ਮਹਿਮਾਨਾ ਤੇ ਡਾਕਟਰਾ ਨੂੰ ਵਿਜੇ ਕੁਮਾਰ ਚੇਤਾ ਵਲੋਂ ਸਰੋਪਿਓ ਦੇ ਕੇ ਸਨਮਾਨਿਤ ਕੀਤਾ ਗਿਆ।

# ਪਰਵਿੰਦਰ ਸਿੰਘ ਢੀਂਡਸਾ (ਬਿੱਲੂ) ਨਮਿਤ ਭੋਗ ਅਤੇ ਅੰਤਿਮ ਅਰਦਾਸ 14 ਸਤੰਬਰ ਨੂੰ



**ਫਿਲੌਰ/ਅੱਪਰਾ (ਦੀਪਾ):** ਪਰਵਿੰਦਰ ਸਿੰਘ ਢੀਂਡਸਾ (ਬਿੱਲੂ) ਜੋ ਪਿਛਲੇ ਦਿਨੀਂ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਉਹਨਾਂ ਦੀ ਆਤਮਿਕ ਸ਼ਾਂਤੀ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ 14 ਸਤੰਬਰ 2025 ਦਿਨ ਐਤਵਾਰ ਨੂੰ ਪਿੰਡ ਮੋਰੋ ਵਿਖ਼ੇ ਗੁਰਦੁਆਰਾ ਨਾਮਦਾਰੀ ਵਿਖੇ ਪਾਏ ਜਾਣਗੇ । ਇਸ ਦੁੱਖ ਦੀ ਘੜੀ ਵਿੱਚ ਲੱਗੇ ਇਸ ਗਹਿਰੇ ਸਦਮੇ ਕਰਕੇ, ਉਹਨਾਂ ਦੇ ਪਰਿਵਾਰ ਨਾਲ ਵੱਖ ਵੱਖ ਸਮਾਜਿਕ ਅਤੇ ਰਾਜਨੀਤਿਕ ਸ਼ਖਸ਼ੀਅਤਾਂ ਨੇ ਅਫ਼ਸੋਸ ਪ੍ਰਗਟ ਕੀਤਾ ।ਇਸ ਮੌਕੇ ਵਿਨੋਦ ਭਾਰਦਵਾਜ, ਪਰਮਦੀਪ ਸਿੰਘ, ਲਖਬੀਰ ਭੂਗਾ, ਹਰਜਿੰਦਰ ਜਿੰਦਰ, ਪਰਦੀਪ, ਗੁਰਪ੍ਰੀਤ, ਕੁਲਵਿੰਦਰ ਕਾਲਾ, ਰਾਤੀਂਦਾ, ਸਰਬਜੀਤ, ਕੁਲਵਿੰਦਰ,ਲਖਬੀਰ ਰਟੇਡਾ,ਪ੍ਰੇਮੀ, ਬਿੰਦੇ ਸ਼ਾਂਤੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾਂ ਕੀਤਾ।

# ਅੱਜ ਖੇਡ ਕਬੱਡੀ ਦੇ ਉਸ ਪ੍ਰਮੋਟਰ ਦਾ ਜਨਮ ਦਿਨ ਆ ਜੋ ਭੁਲੱਥ ਪਿੰਡ ਦਾ ਰਹਿਣ ਵਾਲਾ ਤੇ ਵਸਿਆ ਵਿਚ ਆਸਟ੍ਰੇਲੀਆ ਦੇ



**ਆਸਟ੍ਰੇਲੀਆ (ਹਰਜਿੰਦਰ ਪਾਲ ਛਾਬੜਾ)** ਵਿਦੇਸ਼ਾਂ ਵਿੱਚ ਬੈੱਲ ਸੈਟਲਡ ਹੁਣ ਤੇ ਵੀ ਹਰ ਸਾਲ ਆਪਣੇ ਪਿੰਡ ਵਿੱਚ ਖੇਡ ਕਬੱਡੀ ਦਾ ਵੱਡਾ ਮੇਲਾ ਕਰਵਾਉਂਦਾ ਹੈ! ਇਸ ਤੋਂ ਬਿਨਾਂ ਇਲਾਕੇ ਦੇ ਹੋਰ ਨਾ ਕੱਪਾਂ ਤੇ ਸਮਾਜ ਸੇਵਾ ਦੇ ਕਾਰਜਾਂ ਲਈ ਵੀ ਵੱਡੇ ਸਹਿਯੋਗ ਦਿੰਦਾ ਹੈ।ਪਿੰਡ ਭੁਲੱਥ ਵਿਚ ਬਰੇ ਲੰਬੇ ਸਮੇ ਤੋ ਬੱਲ ਪਰਿਵਾਰ ਕਬੱਡੀ ਕਰਵਾ ਰਿਹਾ ਹੈ ,,ਉਸੇ ਰੀਤ ਨੂੰ ਹੁਣ ਅੱਗੇ ਲੈਕੇ ਜਾ ਰਿਹਾ ਆ ਇਨਸਾਨ ਮੋਹਨਵੀਰ_ਬੱਲ !

ਆਏ ਸਾਲ 14 ਅਪ੍ਰੈਲ ਨੂੰ ਕਬੱਡੀ ਕੱਪ ਕਰਵਾਉਂਦੇ ਆ ਤੇ ਨੋਟਾਂ ਦਾ ਮੇਹ ਵਰਾਉਂਦੇ ਆ ,45, 50, 65 ਕਿਲੋ ਯਹੀ ਬਜਨੀ ਕਬੱਡੀ ਤੋਂ ਲੈ ਕੇ ੌਪਣ ਖੳਬਓਦਦਿ ਦਾ ਇਕ ਇਕ ਅੰਕ ਭੁਲੱਥਾ ਵਿਚ ਕਦੀ ਕਦੀ 500 ਤੋ ਸ਼ੁਰੂ ਹੁੰਦਾ ਅੰਕ ਤੇ ਕਦੀ ਇੱਕ ਕਬੱਡੀ ਤੇ ਟ੍ਰੈਕਟਰ,ਬੁਲਟ,ਤੇ ਲੱਖਾ ਚ ਇਨਾਮ ਲਗਦੇ ਆ!

ਬਾਕੀ ਖਿਡਾਰੀਆਂ ਨੂੰ ਹੀ ਨਹੀ ਪੰਜਾਬ ਦੇ ਖਾਸਕਰ ਦੁਆਬੇ ਦੇ ਸੀਜਨ ਦਾ ਆਖਰੀ ਕੱਪ ਹੁੰਦਾ ਤੇ ਬਾਕੀ ਕਬੱਡੀ ਵਾਲਿਆ coches, reffer-ys , comenten-trs ਨੂੰ ਵੀ ਵਧੀਆ ਸਨਮਾਨ ਕੀਤਾ ਜਾਂਦਾ ਆ ਬਾਕੀ ਜਿਹੜੇ ਜਿਹੜੇ ਖਿਡਾਰੀ ਜਾ ਕੋਚ ਭੁਲੱਥ ਚ ਖੇਡ ਚੁੱਕੇ ਆ ਉਹ ਚੰਗੀ ਤਰਾ ਜਾਣਦੇ ਆ ਇਸ ਕੱਪ ਬਾਰੇ ਕਿ ਪੰਜਾਬ ਦੇ ਕਬੱਡੀ ਇਤਿਹਾਸ ਵਿੱਚ ਇਸ ਕੱਪ ਦੀ ਅਹਿਮੀਅਤ ਕੀ ਹੈ?

ਖੇਡ ਕਬੱਡੀ ਦੇ ਕਾਰਜਾਂ ਤੋਂ ਬਿਨਾਂ ਸਮਾਜ ਸੇਵਾ ਦੇ ਵਿੱਚ ਵੀ ਬੱਲ ਪਰਿਵਾਰ ਹਰ ਲੋੜਵੰਦ ਲਈ ਵੱਧ ਚੜ ਕੇ ਸਹਿਯੋਗ ਕਰਦਾ ਹੈ। ਅੱਜ ਕੱਲ ਵੀ ਪੰਜਾਬ ਵਿੱਚ ਆਏ ਹੜਾ ਕਾਰਨ ਸਮਾਜ ਸੇਵਾ ਦੇ ਕਾਰਜਾਂ ਲਈ ਵੀ ਵੱਡੇ ਸਹਿਯੋਗ ਕਰਵਾ ਰਿਹਾ ਹੈ!

ਸੋ ਅੱਜ ਜਨਮਦਿਨ ਹੈ ਇਸ ਖੇਡ ਪ੍ਰਮੋਟਰ ਵੀਰ ਦਾਕ ਸਾਰੇ ਹੀ ਕਬੱਡੀ ਜਗਤ ਵੱਲੋਂ ਦੁਆਵਾਂ ਨੇ ਵਾਹਿਗੁਰੂ ਹਮੇਸ਼ਾ ਮੇਹਰ ਭਰਿਆ ਹੱਥ ਬਣਾਈ ਰੱਖੇ, ਹਮੇਸ਼ਾ ਚੜ੍ਹਦੀ ਕਲਾ ਤੇ ਤੰਦਰੁਸਤੀਆਂ ਬਖਸ਼ੇਕਤੁਸੀਂ ਵੀ ਸਾਰੇ ਦਿਓ ਮੁਬਾਰਕਾਂ।

for more news visit:
www.samajweekly.com

## ਸੂਰਤ ਅਤੇ ਸੀਰਤ

ਜਿਉਂ ਜਿਉਂ ਜ਼ਿੰਮੇਵਾਰੀਆਂ ਨਾਲ਼ ਪਰੁੱਚਾ ਹੁੰਦਾ ਜਾਂਦਾ ਹੈ ।
ਇਹ ਜੀਵਨ ਪਾਕਿ ਪਵਿੱਤਰ ਸੱਚਾ ਸੁੱਚਾ ਹੁੰਦਾ ਜਾਂਦਾ ਹੈ ।
ਤਾਂ ਕੀ ਹੋ ਗਿਆ ਜੇਕਰ ਖ਼ੂਬਸੂਰਤੀ ਘਟਦੀ ਜਾਂਦੀ ਐ ;
ਐਪਰ ਸਮਝਦਾਰੀ ਦਾ ਮੀਟਰ ਉੱਚਾ ਹੁੰਦਾ ਜਾਂਦਾ ਹੈ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਪੜ੍ਹਨੇ ਪਾ ਦੂੰ ਪੜ੍ਹਨੇ ਸੱਜਣਾ..

ਘਾਟ ਅਕਲ ਦੀ ਜਿਹੜੀ ਮਿੱਤਰਾ ਕਰ ਦੇਣੀ ਸਭ ਪੂਰੀ।
ਸਿਖਿਆ ਦੇਣੀ ਮੁਕੰਮਲ/ਪੂਰਨ ਛੱਡਣੀ ਨਹੀਂ ਅਧੂਰੀ।
ਸਬਕ ਗੂੜ੍ਹ ਤੋਂ ਗੂੜ੍ਹ ਵੇਖੀਂ ਹੁਣ ਕਿਵੇਂ ਖਾਨੇ ਵਿੱਚ ਵੜਨੇ।
ਪੜ੍ਹਨੇ ਪਾ ਦੂੰ ਪੜ੍ਹਨੇ ਸੱਜਣਾ, ਪੜ੍ਹਨੇ ਪਾ ਦੂੰ ਪੜ੍ਹਨੇ।

'ਚੋਰ ਨਾ਼ਲੇ ਚਤੁਰਾਈਆਂ' ਦੱਸੂੰ ਪੈਂਦੀਆਂ ਕਿਹੜੇ ਭਾਅ।
ਕੀ ਬਣਦਾ ਏ ਹੱਥ ਸ਼ੇਰ ਦੀ ਪੂਛ ਦੇ ਉੱਤੇ ਲਾ ?
ਨਾਲ਼ੇ ਕਿਹੜੇ ਮੁੱਲ ਪੈਂਦੇ ਨੇ ਸਿੰਙ ਬੋਕ ਦੇ ਫੜਨੇ।
ਪੜ੍ਹਨੇ ਪਾ ਦੂੰ ਪੜ੍ਹਨੇ ਸੱਜਣਾ, ਪੜ੍ਹਨੇ ਪਾ ਦੂੰ ਪੜ੍ਹਨੇ।

ਪਹਿਲਾਂ ਨਹੀਂ ਛੇੜਨਾ ਕੋਈ ਪਰ ਜੇਕਰ ਕੋਈ ਛੇੜੇ।
ਛਿੜ ਛਿੜ ਕੇ ਫੇਰ ਇਹੋ ਜਿਹਾਂ ਦੇ ਕਰਨੇ ਕਿਵੇਂ ਨਿਬੇੜੇ ?
ਕਿੱਲਾਂ, ਕੋਕੇ ਸਭ ਕੁਝ ਦੱਸੂੰ ਕਦੋਂ, ਕਿਵੇਂ ਨੇ ਜੜਨੇ।
ਪੜ੍ਹਨੇ ਪਾ ਦੂੰ ਪੜ੍ਹਨੇ ਸੱਜਣਾ, ਪੜ੍ਹਨੇ ਪਾ ਦੂੰ ਪੜ੍ਹਨੇ।

ਪਿੰਡ ਘੜਾਮੇਂ ਵਿੱਚ ਰੋਮੀਆਂ ਲੈ ਬਾਬਿਆਂ ਤੋਂ ਗਿਆਨ।
'ਰਾਜੇ ਸੀਹ ਮੁਕਦਮ ਕੁਤੇ' ਜੁਰਅਤ ਧਰ ਕੇ ਧਿਆਨ।
ਕਲਮ ਕਟਾਰ ਬਣਾ ਕੇ ਗੋਡੇ, ਗਿੱਟੇ, ਮੋਢੇ ਘੜਨੇ।
ਪੜ੍ਹਨੇ ਪਾ ਦੂੰ ਪੜ੍ਹਨੇ ਸੱਜਣਾ, ਪੜ੍ਹਨੇ ਪਾ ਦੂੰ ਪੜ੍ਹਨੇ।



**ਰੋਮੀ ਘੜਾਮਾਂ।**
9855281105
(ਵਟਸਪ ਨੰ.)

## ਬਾਬਿਆਂ ਦੇ ਡੇਰਿਆਂ ਤੇ

ਪੜ੍ਹ ਲਿਖ ਬਣ ਜਾ ਮਹਾਨ ਸੱਜਣਾ
ਤੇਰੀ ਹਓ ਵੱਖਰੀ ਪਛਾਣ ਸੱਜਣਾ
ਜ਼ਿੰਦਗੀ ਦੇ ਵਿੱਚ ਪਛਤਾਣਾ ਛੱਡਦੇ
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ
ਉ ਬਾਬਿਆਂ ਦੇ ਡੇਰਿਆਂ ਤੇ,,,,
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ

ਮਿਹਨਤ ਦਾ ਮੁੱਲ ਵੇਖੀ ਪੈਂਦਾ ਹੈ ਜ਼ਰੂਰ
ਯਾਦ ਰੱਖੀਂ ਗੱਲ ਮੇਰੀ ਆਖੀ ਹੋਈ ਹਜ਼ੂਰ
ਛੋਟੀ ਮੋਟੀ ਗਲੋ ਘਬਰਾਣਾ ਛੱਡਦੇ
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ
ਉ ਬਾਬਿਆਂ ਦੇ ਡੇਰਿਆਂ ਤੇ,,,,,
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ

ਧਾਗਿਆਂ ਤਵੀਤਾਂ ਨਾਲ, ਹੁੰਦੇ ਹੱਲ ਨਹੀਂ
ਮੁਸੀਬਤ ਜੋ ਆਉਂਣੀ ਸਕਦੀ ਓ ਟੱਲ ਨਹੀਂ
ਕੀਮਤੀ ਇਹ ਸਮੇਂ ਨੂੰ ਗਵਾਣਾ ਛੱਡਦੇ
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ
ਉਹ ਬਾਬਿਆਂ ਦੇ ਡੇਰਿਆਂ ਤੇ,,,,,
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ

ਗੁਰਮੀਤ ਡੁਮਾਣੇ ਵਾਲਾ ਗਿਆ ਥੱਕ ਜੀ
ਆਖ ਆਖ ਕੇ ਤਹਾਨੂੰ ਹੁਣ ਗਿਆ ਅੱਕ ਜੀ
ਲੱਭ ਨਵਾਂ ਕੰਮ ਕੋਈ ਪੁਰਾਣਾ ਛੱਡਦੇ
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ
ਉ ਬਾਬਿਆਂ ਦੇ ਡੇਰਿਆਂ ਤੇ,,,,,,,
ਬਾਬਿਆਂ ਦੇ ਡੇਰਿਆਂ ਤੇ ਜਾਣਾ ਛੱਡਦੇ



**ਗੁਰਮੀਤ ਡੁਮਾਣਾ**
ਲੋਹੀਆਂ ਖਾਸ
ਜਲੰਧਰ
76528 16074

## ਦੋਸਤ

ਦੋਸਤੀ ਚ ਪੈਸਾ ਸ਼ਕਲ ਤੇ ਰੁਤਬਾ ਨਹੀਂ ਚਾਹੀਦਾ
ਇੱਕ ਸਾਫ ਦਿਲ ਦਾ ਦੋਸਤ ਹੈ ਚਾਹੀਦਾ
ਤੇਰੇ ਨਾਲ ਰੋਵੇ ਤੇਰੇ ਨਾਲ ਹੱਸੇ
ਤੇਰੀ ਗਲਤੀ ਨੂੰ ਉਹ ਪਿਆਰ ਨਾਲ ਦੱਸੇ
ਸਾਥੀ ਹੋਣ ਚਾਹੇ ਲੱਖਾਂ
ਸੱਚਾ ਦੋਸਤ ਇੱਕ ਹੋਵੇ
ਜੋ ਤੇਰੇ ਨਾਲ ਦਿਲ ਤੋਂ ਜੁੜਿਆ ਹੋਵੇ
ਕ੍ਰਿਸ਼ਨ ਸੁਦਾਮੇ ਦੀ ਦੋਸਤੀ ਵਾਂਗ ਮਿਸਾਲ ਹੋਵੇ
ਜੋ ਹਮੇਸ਼ਾ ਤੇਰੇ ਸੁੱਖ ਦੁੱਖ ਚ ਨਾਲ ਹੋਵੇ
ਦੋਸਤ ਇੱਕ ਅਜਿਹਾ ਮੋਤੀ ਜੋ ਹਮੇਸ਼ਾ ਚਮਕਦਾ ਰਹਿੰਦਾ ਹੈ ਵਿੱਚ ਅਸਮਾਨ
ਦੋਸਤ ਹਮੇਸ਼ਾ ਅਜਿਹਾ ਚੁਣੋ
ਜਿਸ ਤੇ ਸਾਰੇ ਕਰਨ ਮਾਣ



**ਸੀਮਾ ਰਾਣੀ**
**ਬਰਨਾਲਾ।**

## ਅੰਬਰਾਂ ਤੇ ਟੁਣਕਾਰ

ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।
ਚੰਦ ਸੂਰਜ ਮੈਨੂੰ ਪਿਆਰਦੇ,
ਸਦਾ ਹੀ ਕਰਨ ਸਤਿਕਾਰ।
ਸਦੀਆਂ ਨੇ ਸਭ ਜਾਣਦੀਆਂ,
ਕਿੰਨਾ ਉੱਚਾ ਮੇਰਾ ਕਿਰਦਾਰ।
ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।
ਮੈਨੂੰ ਸਾਂਭਿਆ ਸੰਤ ਫ਼ਕੀਰਾਂ ਨੇ,
ਗੁਰੂਆਂ ਦਾ ਕੀਤਾ ਮੈਂ ਦੀਦਾਰ।
ਚਾਰੇ ਰੁੱਤਾਂ ਨੇ ਸਿਰ ਝੁਕਾਉਂਦੀਆਂ,
ਆਖਣ ਤੂੰ ਏ ਸਾਡੀ ਪਾਲਣਹਾਰ।
ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।
ਵੇਲਾਂ, ਫੁੱਲ, ਬੂਟੇ ਨੇ ਹਨ ਵੰਡਦੇ,
ਮੇਰੇ ਹਰ ਪਾਸੇ ਆ ਗੁਲਜ਼ਾਰ।
ਰਾਤਾਂ ਦੇ ਤਾਰੇ ਵੀ ਨੇ ਮੈਨੂੰ ਦੱਸਦੇ,
ਗੂੰਜੇ ਮੇਰੀ ਅੰਬਰਾਂ ਤੇ ਘੁੰਮਕਾਰ।
ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।
ਪ੍ਰਦੇਸਾਂ ਵਿੱਚ ਮੈਨੂੰ ਸਾਭੀਂ ਬੈਠੇ ਨੇ,
ਆਪਣੀ ਬੁੱਕਲ਼ ਵਿੱਚ ਸਰਦਾਰ।
ਚਾਨਣੀਆਂ ਰਾਤਾਂ ਨੇ ਕਹਿੰਦੀਆਂ,
ਜਾਗਣ ਦੁਨੀਆਂ ‘ਚ ਪਹਿਰੇਦਾਰ।
ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ।



**ਜਸਵੰਤ ਕੌਰ ਕੰਗ ਬੈਂਸ**
**ਲੈਸਟਰ (ਯੂ ਕੇ)**



# ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਦੀਆਂ ਵਿਦਿਆਰਥਣਾਂ ਬੀ .ਏ. ਸਮੈਸਟਰ ਦੂਜਾ ਦੇ ਨਤੀਜਿਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ



**ਕਪੂਰਥਲਾ (ਕੌੜਾ)–** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ.ਏ. ਦੂਜੇ ਸਮੈਸਟਰ ਦਾ ਨਤੀਜਾ ਜਾਰੀ ਕੀਤਾ ਗਿਆ ਹੈ। ਇਸ ਨਤੀਜੇ ਵਿੱਚ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਫੱਤੂਢੀਂਗਾ ਦੀਆਂ ਵਿਦਿਆਰਥਣਾਂ ਨੇ ਪ੍ਰਿੰਸੀਪਲ ਡਾਕਟਰ ਦਲਜੀਤ ਸਿੰਘ ਖਹਿਰਾ ਜੀ ਦੀ ਅਗਵਾਈ ਹੇਠ ਉੱਚ ਅੰਕ ਪ੍ਰਾਪਤ ਕਰਕੇ ਆਪਣੀ ਮਿਹਨਤ ਸਾਬਤ ਕੀਤੀ। ਕਾਲਜ ਵਿੱਚ ਗਗਨਦੀਪ ਕੌਰ ਨੇ 8.08 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਸੁਖਮਨਪ੍ਰੀਤ ਕੌਰ ਨੇ 7.50 ਐਸ.ਜੀ.ਪੀ.ਏ. ਨਾਲ ਦੂਜਾ ਸਥਾਨ ਹਾਸਲ ਕੀਤਾ, ਜਦਕਿ ਪ੍ਰਵੀਨ ਕੌਰ ਅਤੇ ਮਹਿਕਪ੍ਰੀਤ ਕੌਰ ਨੇ 7.46 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਤੀਜਾ ਸਥਾਨ ਸਾਂਝਾ ਕੀਤਾ।

ਨਤੀਜੇ ਬਾਰੇ ਗੱਲ ਕਰਦਿਆਂ ਕਲਾਸ ਕੋਆਰਡੀਨੇਟਰ ਪ੍ਰੋ. ਕੁਲਦੀਪ ਕੌਰ ਅਤੇ ਪ੍ਰੋ. ਮਨਪ੍ਰੀਤ ਕੌਰ ਨੇ ਕਿਹਾ ਕਿ ਵਿਦਿਆਰਥਣਾਂ ਨੇ ਆਪਣੀ ਲਗਨ ਅਤੇ ਨਿਰੰਤਰ ਮਿਹਨਤ ਨਾਲ ਇਹ ਨਤੀਜਾ ਪ੍ਰਾਪਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਨਤੀਜੇ ਸਿਰਫ਼ ਵਿਅਕਤੀਗਤ ਨਹੀਂ ਬਲਕਿ ਕਲਾਸ ਦੇ ਸਮੂਹਕ ਯਤਨਾਂ ਦੀ ਵੀ ਪਹਿਚਾਣ ਕਰਦੇ ਹਨ।ਵਿਭਾਗ ਮੁਖੀ ਪ੍ਰੋ. ਸੰਦੀਪ ਕੌਰ ਨੇ ਕਿਹਾ ਕਿ ਨਤੀਜਾ ਸੰਤੋਖਜਨਕ ਹੈ ਅਤੇ ਇਹ ਦਰਸਾਉਂਦਾ ਹੈ ਕਿ ਵਿਦਿਆਰਥਣਾਂ ਨੇ ਆਪਣੇ ਅਧਿਐਨ ਨਾਲ ਗੰਭੀਰਤਾ ਨਿਭਾਈ ਹੈ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰਾਪਤੀਆਂ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਹੋਰ ਉੱਚੀਆਂ ਉਡਾਣਾਂ ਭਰਨ ਲਈ ਪ੍ਰੇਰਿਤ ਕਰਨਗੀਆਂ।

ਇਸ ਮੌਕੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਜੀ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਨਤੀਜੇ ਕਾਲਜ ਦੀ ਪੜ੍ਹਾਈ ਦੇ ਮਾਹੌਲ ਅਤੇ ਵਿਦਿਆਰਥਣਾਂ ਦੀ ਕਾਬਲੀਅਤ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਸਿਰਫ਼ ਕਾਲਜ ਲਈ ਹੀ ਨਹੀਂ ਬਲਕਿ ਸਮੂਹ ਇਲ–ਾਕੇ ਲਈ ਵੀ ਮਾਣ ਵਾਲੀ ਗੱਲ ਹੁੰਦੀਆਂ ਹਨ। ਉਨ੍ਹਾਂ ਨੇ ਸਾਰੇ ਅਧਿਆਪਕਾਂ ਅਤੇ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਅੱਗੇ ਹੋਰ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ।

# ਯੂਨੀਵਰਸਿਟੀ ਅਤੇ ਹਲਕੇ ਦੇ ਵਿਕਾਸ ਲਈ ਸਦਾ ਯਤਨਸ਼ੀਲ ਰਹਾਂਗਾ : ਹਲਕਾ ਵਿਧਾਇਕ



ਫ਼ਰੀਦਕੋਟ ( ) ''ਮੈਂ ਆਪਣੇ ਹਲਕੇ ਅਤੇ ਬਾਬਾ ਫਰੀਦ ਯੂਨੀਵਰਸਿਟੀ ਦੇ ਵਿਕਾਸ ਲਈ ਸਦਾ ਯਤਨਸ਼ੀਲ ਰਹਾਂਗਾ। ਹਲਕੇ ਦੀ ਸੇਵਾ ਕਰਨਾ ਮੇਰਾ ਪਹਿਲਾ ਅਤੇ ਮੁੱਢਲਾ ਧਰਮ ਹੈ।'' ਇਹ ਸ਼ਬਦ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਮੁਲਾਕਾਤ ਦੌਰਾਨ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਹੇ। ਜਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਦੀ ਅਗਵਾਈ ਹੇਠ ਵੱਡੇ ਵਫ਼ਦ ਨੇ ਵਿਧਾਇਕ ਨਾਲ ਉਨ੍ਹਾਂ ਦੇ ਗ੍ਰਿਹ ਵਿਖੇ ਕੀਤੀ ਮੁਲ–ਾਕਾਤ ਦੌਰਾਨ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵਿਧਾਇਕ ਸੇਖੋਂ ਨੇ ਅੱਗੇ ਕਿਹਾ ਕਿ ਹੜ੍ਹਾਂ ਦੌਰਾਨ ਪੰਜਾਬ ਸਰਕਾਰ ਨੇ ਪੀੜਤਾਂ ਲਈ ਸ਼ਲਾਘਾਯੋਗ ਕਦਮ ਚੁੱਕੇ ਹਨ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਪਾਤਰ ਹਨ। ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਦੇ ਮੈਂਬਰ ਹੋਣ ਦੇ ਨਾਤੇ ਸ੍ਰ. ਸੇਖੋਂ ਨੇ ਕਿਹਾ ਕਿ ਵਾਇਸ ਚਾਂਸਲਰ ਡਾ. ਰਾਜੀਵ ਸੂਦ ਦੇ ਸਾਰਥਿਕ ਯਤਨਾਂ ਅਤੇ ਸਰਕਾਰ ਦੇ ਸਹਿਯੋਗ ਨਾਲ ਯੂਨੀਵਰਸਿਟੀ ਨੇ ਅੰਤਰ ਰਾਸ਼ਟਰੀ ਪੱਧਰ 'ਤੇ ਆਪਣੀ ਵਿਲੱਖਣ ਪਛਾਣ ਬਣਾਈ ਹੈ। ਐਮ.ਬੀ.ਬੀ.ਐੱਸ. ਲਈ ਪੰਜਾਹ ਸੀਟਾਂ ਤੋਂ ਸ਼ੁਰੂ ਹੋਈਆਂ ਸੀਟਾਂ ਨਾਲ ਹੁਣ 125 ਸੀਟਾਂ ਮਨਜੂਰ ਹੋ ਚੁੱਕੀਆਂ ਹਨ ਅਤੇ ਉਨ੍ਹਾਂ ਦਾ ਨਿਸ਼ਾਨਾ 250 ਸੀਟਾਂ ਦਾ ਹੈ। ਗੱਲਬਾਤ ਦੌਰਾਨ ਸੇਖੋਂ ਨੇ ਇਹ ਵੀ ਕਿਹਾ ਕਿ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਉਨ੍ਹਾਂ ਦੇ ਦਰਵਾਜ਼ੇ ਸਦਾ ਖੁੱਲ੍ਹੇ ਹਨ। ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਅੱਜ ਦੇ ਵਫ਼ਦ ਵਿੱਚ ਟਰੱਸਟ ਦੀ ਚੀਫ਼ ਪੈਟਰਨ ਹੀਰਾਵਤੀ ਸੇਵਾ ਮੁਕਤ ਨਾਇਬ ਤਹਿਸੀਲਦਾਰ ਅਤੇ ਚੇਅਰਮੈਨ ਪ੍ਰਿੰ. ਕ੍ਰਿਸ਼ਨ ਲਾਲ ਅਤੇ ਜਨਰਲ ਸਕੱਤਰ ਮਲਕੀਅਤ ਸਿੰਘ ਮੰਮਨ ਸਮੇਤ ਸਥਾਨਕ ਸ੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਮਨਜੀਤ ਖਿੱਚੀ, ਮੁਲਾਜ਼ਮ ਆਗੂ ਅਮਰ ਸਿੰਘ ਮਹਿਮੀ, ਪ੍ਰਸਿੱਧ ਲੇਖਕ ਅਤੇ ਚਿੰਤਕ ਸ਼ਿਵ ਨਾਥ ਦਰਦੀ, ਸ੍ਰੀ ਕ੍ਰਿਸ਼ਨ ਆਰ.ਏ., ਜੀ.ਪੀ. ਛਾਬੜਾ, ਸ਼ਿਵਨਾਥ ਦਰਦੀ, ਬਲਕਾਰ ਸਿੰਘ ਸਹੋਤਾ, ਸਰਬਿੰਦਰ ਸਿੰਘ ਬੇਦੀ ਅਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਢੋਸੀਵਾਲ ਨੇ ਸਮੂਹ ਮੈਂਬਰਾਂ ਦੀ ਸ੍ਰ. ਸੇਖੋਂ ਨਾਲ ਮੁਲਾਕਾਤ ਕਰਵਾਉਂਦੇ ਹੋਏ ਕਿਹਾ ਕਿ ਟਰੱਸਟ ਦੀ ਜਿਲ੍ਹਾ ਟੀਮ ਵਿੱਚ ਉੱਚ ਸਿੱਖਿਆ ਪ੍ਰਾਪਤ, ਸਾਬਕਾ ਅਧਿਕਾਰੀ, ਸਮਾਜ ਸੇਵਾ ਨੂੰ ਸਦਾ ਤਤਪਰ ਰਹਿਣ ਵਾਲੇ ਹੀਰਿਆਂ ਵਰਗੇ ਮੈਂਬਰਾਂ ਦੀ ਕਰੀਮ ਸ਼ਾਮਲ ਹੈ। ਇਸ ਪ੍ਰਭਾਵਸ਼ਾਲੀ ਮੀਟਿੰਗ ਦੌਰਾਨ ਢੋਸੀਵਾਲ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਛੇੜੀ ਮੁਹਿੰਮ, ਬਿਨਾਂ ਰਿਸ਼ਵਤ ਤੋਂ ਸਰਕਾਰੀ ਵਿਭਾਗਾਂ ਵਿੱਚ ਨਿਯੁਕਤੀ ਅਤੇ ਹੋਰ ਲੋਕ ਪੱਖੀ ਫੈਸਲਿਆਂ ਲਈ ਵਿਧਾਇਕ ਸੇਖੋਂ ਨੂੰ ਵਧਾੱ ਦਿੱਤੀ। ਉਨ੍ਹਾਂ ਨੇ ਯੂਨੀਵਰਸਿਟੀ ਦੇ ਸਰਬ ਪੱਖੀ ਵਿਕਾਸ, ਸਰਕਾਰੀ ਨਿਯਮਾਂ ਮੁਤਾਬਿਕ ਕੀਤੀਆਂ ਨਿਯੁਕਤੀਆਂ ਅਤੇ ਤਰੱਕੀਆਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ ਅਤੇ ਹਸਪਤਾਲ ਅੰਦਰ ਐਮ.ਆਰ.ਆਈ. ਸਮੇਤ ਹੋਰ ਜੀਵਨ ਬਚਾਊ ਮਸ਼ੀਨਾਂ ਖਰੀਦਣ ਲਈ ਵਾਇਸ ਚਾਂਸਲਰ ਡਾ. ਸੂਦ ਅਤੇ ਸ੍ਰ. ਸੇਖੋਂ ਨੂੰ ਸਾਂਝੇ ਤੌਰ 'ਤੇ ਵਧਾਈ ਦਿੱਤੀ। ਮੀਟਿੰਗ ਦੌਰਾਨ ਸ੍ਰ. ਸੇਖੋਂ ਨੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦਾ ਕਾਰਜਾਂ ਬਾਰੇ ਸੁਣ ਕੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਸ਼ਾਸ਼ਨ ਪ੍ਰਸ਼ਾਨ ਅਤੇ ਆਮ ਲੋਕਾਂ ਵਿੱਚ ਮਹੱਤਵ ਪੂਰਨ ਕੜੀ ਦਾ ਕੰਮ ਕਰਦੀਆਂ ਹਨ। ਮੀਟਿੰਗ ਦੌਰਾਨ ਯੂਨੀਵਰਸਿਟੀ ਅਤੇ ਹਲਕੇ ਦੇ ਰਿਕਾਰਡ ਤੋੜ ਵਿਕਾਸ ਲਈ ਸ੍ਰ. ਸੇਖੋਂ ਨੂੰ ਟਰੱਸਟ ਵੱਲੋਂ ਮੈਡਮ ਹੀਰਾਵਤੀ ਰਾਹੀਂ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ।

# ਨਿੱਕੀ ਕਹਾਣੀ ''ਪਰਛਾਵਾਂ''

ਇੱਕ ਮਜ਼ਦੂਰ ਆਪਣੀ ਜ਼ਿੰਦਗੀ ਭਰ ਦੀ ਕਮਾਈ ਨਾਲ ਬਣਾਏ ਆਪਣੇ ਮਕਾਨ ਦੇ ਹੜ੍ਹ ਦੇ ਪਾਣੀ ਵਿੱਚ ਡੁੱਬ ਜਾਣ ਤੋਂ ਬਾਅਦ ਆਪਣੇ ਪਿੱਛੇ ਬਚੇ ਬੇ ਸਹਾਰਾ ਪਰਿਵਾਰ ਦੀ ਜਾਨ ਬਚਾਉਣ ਲਈ, ਲੋੜਵੰਦ ਪਰਿਵਾਰਾਂ ਲਈ, ਲੋਕਾਂ ਦੇ ਦਸਵੰਧ ਚੋਂ ਆਈ ਸੇਵਾ ਭਾਵ ਰਸ਼ਦ ਦਾ ਇੱਕ ਥੈਲਾ,ਲੈਣ ਲਈ ਆਪਣੀ ਮਾਂ ਸਮੇਂਤ ਰਾਸਣ ਵੰਡਦੀਆਂ ਟਰਾਲੀਆਂ ਮਗਰ ਦੌੜਿਆ,ਕੋਸ਼ਿਸ਼ ਕਰਕੇ ਇੱਕ ਥੈਲਾ,ਜੁਟਾਅ ਲਿਆ, ਮਾਂ ਨੇ ਸਮਝਾਇਆ ਕੀ ਪਤਾ ਹੁਣ ਕਿੰਨਾਂ ਚਿਰ ਕੰਮ ਨਾ ਮਿਲੇ, ਬੱਚਿਆਂ ਦਾ ਢਿੱਡ ਕਿੱਥੋਂ ਭਰੇਗਾ ਪੁੱਤ ਇੱਕ ਥੈਲਾ ਹੋਰ ਮੰਗ ਲੈਂਦੇ ਹਾਂ, ਜੱਦੋ–ਜਹਿਦ ਕਰਕੇ, ਰਸ਼ਦ ਦੀ ਆਈ ਕਿਸੇ ਹੋਰ ਟਰਾਲੀ ਪਾਸੋਂ, ਇੱਕ ਹੋਰ ਥੈਲਾ ਲੈਕੇ,ਤੁਰੇ ਹੀ ਸੀ ਕਿ, ਅਵਾਜ਼ ਆਈ ਕਿ ਇੱਧਰ ਲਿਆਓ ਓਏ ਥੈਲਾ,ਛੇ–ਛੇ ਮਹੀਨਿਆਂ ਦਾ ਰਾਸ਼ਣ ਇਕੱਠਾ ਕਰ ਲਿਆ, ਇਹਨਾਂ ਮਜ਼ਦੂਰਾਂ ਨੇ,ਇਹ ਰਾਸ਼ਣ ਤੁਹਾਡੇ ਲਈ ਨਹੀਂ,ਇਹ ਤਾਂ ਸਾਡੇ ਭਰਾਵਾਂ ਨੇ ਸਿਰਫ਼ ਮੁਸੀਬਤ ਵਿੱਚ ਫ਼ਸੇ ਕਿਸਾਨਾਂ ਲਈ ਭੇਜਿਆ ਹੈ, ਥੈਲਾ ਖੋਹਕੇ ਉਹ ਸ਼ਖਸ ਟਰਾਲੀ ਵੱਲ ਤੁਰ ਪਿਆ ਤੇ ਕਹਿਣ ਲੱਗਾ, ਤੁਹਾਡੀ ਤੇ ਕੱਲ੍ਹ ਦਿਹਾੜੀ ਲੱਗ,ਜਾਊ ਸਾਡਾ ਕੀ ਬਣੂ,ਪਾਣੀ ਦੀ ਛੱਲ, ਵਿੱਚ ਇੱਕੋ ਸਮੇਂ ਪੈਦੇ ਪਰਛਾਵੇਂ, ਧੁੰਦਲੇ ਜਿਹੇ ਹੋ ਗਏ,ਰੱਬ ਉੱਪਰ ਬੈਠਾ, ਸੇਵਾਦਾਰ ਅਤੇ ਲੋੜਵੰਦ ਦੀ ਤਸਵੀਰ ਸਾਫ਼ ਨਹੀਂ ਦੇਖ ਪਾ ਰਿਹਾ ਸੀ ਕਿ,ਪਾਣੀ ਤੇ ਇੱਕੋ ਸਮੇਂ ਬਣੇ ਪਰਛਾਵਿਆਂ ਵਿੱਚੋਂ, ਇਨਸਾਨ ਦਾ ਅਤੇ ਹੈਵਾਨ ਦਾ ਪਰਛਾਵਾਂ ਕਿਹੜਾ ਹੈ।



**ਸੰਦੀਪ ਸਿੰਘ 'ਬਖੋਪੀਰ'**
ਸੰਪਰਕ:– 9815321017

for more news visit:
www.samajweekly.com

# ਚਿੱਠੀ ਅਤੇ ਨੋਟਿਸ ਲਿੰਕ:

**https://www.mittersain-meet.in/ਪੰਜਾਬ-ਖੇਤੀਬਾੜੀ-ਯੂਨੀਵਰਸਿਟ/**

**ਲੁਧਿਆਣਾ, (ਮਿੱਤਰ ਸੈਨ ਮੀਤ,)** ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਨੂੰ ਕਾਨੂੰਨੀ ਨੋਟਿਸ

ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਨੂੰ ਅਣਗੌਲਿਆਂ ਕਰਕੇ, ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤਾ ਜਾਂਦਾ ਲਗਭਗ ਸਾਰਾ ਦਫਤਰੀ ਕੰਮਕਾਜ ਅਤੇ ਇਸ ਦੀ ਵੈਬਸਾਈਟ ਤੇ ਉਪਲਬਧ ਸੂਚਨਾ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੈ। ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਪਹਿਲਾਂ ਇੱਕ ਚਿੱਠੀ ਰਾਹੀਂ



ਉਹ ਕੁਲਪਤੀ ਸਾਹਿਬ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ, ਯੂਨੀਵਰਸਿਟੀ ਵਿੱਚ, ਕਾਨੂੰਨ ਅਨੁਸਾਰ ਪੰਜਾਬੀ ਲਾਗੂ ਕਰਨ। ਪਰ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਇਸ ਚਿੱਠੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਹੁਣ ਭਾਈਚਾਰੇ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਸ੍ਰੀ ਹਰੀ ਚੰਦ ਅਰੋੜਾ ਜੀ ਰਾਹੀਂ, ਉਪ ਕੁਲਪਤੀ ਸਾਹਿਬ ਨੂੰ ਕਾਨੂੰਨੀ ਨੋਟਿਸ ਦਿੱਤਾ ਗਿਆ ਹੈ। ਜੇ ਇਸ ਕਾਨੂੰਨੀ ਨੋਟਿਸ ਉਪਰ ਵੀ ਕੋਈ ਕਾਰਵਾਈ ਨਾ ਹੋਈ ਤਾਂ ਭਾਈਚਾਰੇ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਲੋਕ ਹਿੱਤ ਜਾਚਿਕਾ ਦਾਇਰ ਕੀਤੀ ਜਾਵੇਗੀ।

ਵਲੋਂ:

**ਟੀਮ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ**

# ਸਵ. ਹਰਦੀਪ ਕੌਰ ਚੰਡਿਹੋਕ ਯਾਦਗਾਰੀ ਪਾਠਕ ਸਨਮਾਨ ਦਾ ਐਲਾਨ

## ਪਾਠਕ ਸੁਖਵਿੰਦਰ ਸਿੰਘ ਭਦੌੜ ਦਾ ਕੀਤਾ ਜਾਵੇਗਾ ਸਨਮਾਨ – ਚੰਡਿਹੋਕ

**ਬਰਨਾਲਾ – (ਸਮਾਜ ਵੀਕਲੀ)** ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵਲੋਂ ਪਾਠਕ ਸਨਮਾਨ ਦਾ ਐਲਾਨ ਕਰ ਦਿੱਤਾ ਗਿਆ ਹੈ ਜੋ ਕਿ 26 ਅਕਤੂਬਰ ਨੂੰ ਭੇਟ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਸਾਬਕਾ ਏ ਐਸ ਪੀ ਜੋ



ਸੁਖਵਿੰਦਰ ਸਿੰਘ ਭਦੌੜ।

ਆਪ ਵੀ ਸਾਹਿਤਕਾਰ ਅਤੇ ਆਲੋਚਕ ਹਨ ਅਤੇ ਪਰਿਵਾਰ ਵਲੋਂ ਨਿਯੁਕਤ ਤਿੰਨ ਮੈਂਬਰੀ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖ ਕੇ ਤੀਜਾ ਪਾਠਕ ਸਨਮਾਨ ਸੁਖਵਿੰਦਰ ਸਿੰਘ ਭਦੌੜ ਨੂੰ ਦਿੱਤਾ ਜਾਵੇਗਾ ਜਿਸ ਵਿਚ ਸਨਮਾਨ ਪੱਤਰ, ਲੋਈ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਦਿੱਤਾ ਜਾਂਦਾ ਹੈ। ਯਾਦ ਰਹੇ ਸਭਾ ਵਲੋ ਪਹਿਲਾਂ ਜੁਗਰਾਜ ਸਿੰਘ ਰਾਏਸਰ, ਬੀਰਪਾਲ ਕੌਰ ਹੰਡਿਆਇਆ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਸਮਾਗਮ ਦੀ ਰੂਪ ਰੇਖਾ ਬਾਅਦ ਵਿੱਚ ਦਸੀ ਜਾਵੇਗੀ।

# ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸੰਗਤਾਂ ਨੂੰ ਸੇਵਾ ਲਈ ਕੀਤੇ ਨਵੇਂ ਹੁਕਮ

**ਕਪੂਰਥਲਾ, (ਕੌੜਾ)–** ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਪਵਿੱਤਰ ਨਗਰੀ ਸੁਲਤਾਨਪੁਰ ਲੋਧੀ ਵਿਖੇ ਤਲਵੰਡੀ ਰੋਡ ਤੇ ਬਣੇ ਸਤਿਸੰਗ ਘਰ ਵਿਚ ਆਪਣੀਆਂ ਸੰਗਤਾਂ ਨੂੰ ਦਰਸ਼ਨ ਦੇਣ ਲਈ ਪੁੱਜੇ । ਹਲਕਾ ਸ਼ਾਹਕੋਟ ਅਤੇ ਹਲਕਾ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਤੇ ਹੋਰ ਪਿੰਡਾਂ ਵਿਚ ਹੜ੍ਹ ਨਾਲ ਹੋਏ ਨੁਕਸਾਨ ਕਾਰਨ ਬਾਬਾ ਜੀ ਇੱਥੇ ਪੁੱਜੇ ਤੇ ਆਪਣੇ ਸਮੂਹ ਪੈਰੋਕਾਰਾਂ ਨੂੰ ਹੜ੍ਹ ਪ੍ਰਭਾਵਿਤ ਲੋਕਾਂ ਦੀ ਮੱਦਦ ਕਰਨ ਦੀ ਅਪੀਲ ਕੀਤੀ ।ਸੁਲਤਾਨਪੁਰ ਲੋਧੀ ਪੁੱਜਣ ਤੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਦਾ ਹਲਕਾ ਸੁਲਤਾਨਪੁਰ ਲੋਧੀ ਦੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਨਿੱਘਾ ਸਵਾਗਤ ਕੀਤਾ ਤੇ ਜੀ ਆਇਆਂ ਕਿਹਾ ।

ਦੱਸਣਯੋਗ ਹੈ ਕਿ ਡੇਰਾ ਬਿਆਸ ਮੁਖੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਖੁਦ ਜਾ ਕੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਕੀਤੀ ਜਾ ਰਹੀ ਸੇਵਾ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਦੇ ਕਈ ਸਤਿਸੰਗ ਭਵਨਾਂ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਵੰਡਣ ਲਈ ਰਾਹਤ ਸਮੱਗਰੀ



ਪੈਕ ਕੀਤੀ ਜਾ ਰਹੀ ਹੈ ।

ਸੁਲਤਾਨਪੁਰ ਲੋਧੀ ਵਿਖੇ ਪੁੱਜ ਕੇ ਉਨ੍ਹਾਂ ਆਪਣੇ ਵੱਡੀ ਗਿਣਤੀ ਸ਼ਰਧਾਲੂਆਂ ਨੂੰ ਦਰਸ਼ਨ ਦਿੱਤੇ । ਉਨ੍ਹਾਂ ਪ੍ਰਸ਼ਾਸਨ ਵੱਲੋਂ ਆ ਰਹੀ ਮੰਗ ਸਬੰਧੀ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ।

ਬੀਤੀ ਰਾਤ ਤੋਂ ਹੀ ਉਨ੍ਹਾਂ ਨੇ ਪੈਰੋਕਾਰਾਂ ਵੱਲੋਂ ਸੁਲਤਾਨਪੁਰ ਲੋਧੀ ਦੀਆਂ ਜਿਨ੍ਹਾਂ ਸੜਕਾਂ ਤੋਂ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀਆਂ ਗੱਡੀਆਂ ਲੰਘਣੀਆਂ ਸਨ , ਉਨ੍ਹਾਂ ਦੇ ਖੱਡੇ ਪੂਰਨ ਤੇ ਪੱਧਰਾ ਕਰਨ ਦੀ ਸੇਵਾ ਕੀਤੀ ਗਈ ਸੀ । ਡੇਰੇ ਵਿਚ ਪਹੁੰਚ ਕੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਕੁਦਰਤੀ ਆਫ਼ਤ ਨੂੰ ਦੂਰ ਕਰਨ ਲਈ ਸਮੂਹਿਕ ਯਤਨਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਹੜ੍ਹ ਦੀ ਕੁਦਰਤੀ ਕਰੂਪੀ ਸਮੇ ਸਾਨੂੰ ਸਾਰਿਆਂ ਨੂੰ ਮਿਲ ਕੇ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿੱਥੈ ਵੀ ਤੁਹਾਨੂੰ ਸੇਵਾ ਲਈ ਬੁਲਾਇਆ ਜਾਂਦਾ ਹੈ, ਇੱਥੋਂ ਕਿਤੇ ਵੀ ਜੇਕਰ ਤੁਹਾਨੂੰ ਲੱਗਦਾ ਹੈ ਕਿ ਨੇੜਲੇ ਖੇਤਰ ਵਿੱਚ ਸੇਵਾ ਦੀ ਲੋੜ ਹੈ ਤਾਂ ਉੱਥੇ ਜਾਓ ਅਤੇ ਨਿਰਸਵਾਰਥ ਸੇਵਾ ਕਰੋ । ਨਵਤੇਜ ਸਿੰਘ ਚੀਮਾ ਸਾਬਕਾ ਵਿਧਾਇਕ ਸੁਲਤਾਨਪੁਰ ਲੋਧੀ ਨੇ ਵੀ ਉਨ੍ਹਾਂ ਨਾਲ ਡਟ ਕੇ ਸਹਿਯੋਗ ਕਰਨ ਦਾ ਭਰੋਸਾ ਦਿੱਤਾ ।

# ਪੰਜਾਬ ਵਿੱਚ ਪਾਣੀ ਦਾ ਕਹਿਰ ਕੌਣ ਜ਼ਿੰਮੇਵਾਰ

ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਹੜ੍ਹਾਂ ਦੀ ਮਾਰ ਨਾਲ ਦਰਿਆਵਾਂ ਦੇ ਨਾਲ ਲੱਗਦੇ ਪਿੰਡਾਂ ਵਿੱਚ ਕਾਫ਼ੀ ਨੁਕਸਾਨ ਹੋਇਆ ਹੈ। ਪੰਜਾਬ ਨੂੰ ਤਿੰਨ ਦਰਿਆ ਵਗਦੇ ਹਨ ਰਾਵੀ, ਬਿਆਸ, ਸਤਲੁਜ ਪਹਿਲਾਂ ਸਤਲੁਜ ਦਰਿਆ ਨੇ ਮਾਲਵੇ ਦੇ ਕਾਫੀ ਪਿੰਡਾ ਨੂੰ ਪ੍ਰਭਾਵਿਤ ਕੀਤਾ ਸੀ। ਫੇਰ ਬਿਆਸ ਨੇ, ਤੇ ਹੁਣ ਰਾਵੀ ਦਰਿਆ ਨੇ ਪਿੰਡਾ ਦੇ ਪਿੰਡ ਉਜਾੜ ਕੇ ਰੱਖ ਦਿਤੇ ਹਨ।

ਸਾਡੀਆਂ ਸਰਕਾਰਾਂ ਵੀ ਇਸ ਵਿੱਚ ਕੁੱਝ ਜਿੰਮੇਵਾਰ ਹਨ।ਉਹ ਕਿਵੇਂ ਤੇ ਕਿਉਂ ਇਹ ਸਵਾਲ ਸਾਡੇ ਸਾਰਿਆਂ ਦੇ ਜ਼ਿਹਨ ਵਿੱਚ ਆਉਂਦਾ ਹੈ।ਇਹ ਸਭ ਨੂੰ ਪਤਾ ਹੈ ਕੁਦਰਤ ਅੱਗੇ ਕਿਸੇ ਦਾ ਕੋਈ ਜ਼ੋਰ ਨਹੀਂ ਚੱਲਦਾ ਹੈ।ਉਹ ਆਫਤਾਂ ਹੁੰਦੀ ਹੈ ਜੋ ਪਹਿਲੀ ਵਾਰ ਆਈ ਹੋਵੇ। ਪੰਜਾਬ ਸਰਕਾਰ ਨੂੰ ਦਰਿਆਵਾਂ ਦੇ ਕਿਨਾਰੇ ਪੱਕੇ ਕਰਨ ਦਾ ਕੰਮ ਦੇਖਣਾ ਚਾਹੀਦਾ ਤਾਂ ਜੋ ਅੱਗੇ ਆਉਣ ਵਾਲੇ ਸਮੇਂ ਵਿੱਚ ਇਹੋ ਜਿਹੀਆਂ ਮਹੌਲ ਨਾ ਦੇਖਣ ਨੂੰ ਮਿਲੇ। ਆਪਣੇ ਵੱਲੋਂ ਤਾਂ ਕੋਸ਼ਿਸ਼ ਕੀਤੀ ਜਾ ਸਕਦੀ ਹੈ ਹੜ੍ਹ ਜਾਂ ਹੋਰ ਆਉਣ ਵਾਲੀਆਂ ਮੁਸੀਬਤਾਂ ਤੋਂ ਬਚਣ ਲਈ ਜਦ ਕਿ ਪੰਜਾਬ ਵਿੱਚ ਇਹ ਪਹਿਲਾਂ ਵੀ ਵਾਪਰ ਚੁੱਕਿਆ ਹੈ। ਪਹਿਲਾਂ ਸਤਲੁਜ ਦਰਿਆ ਤੇ ਫਿਰ ਬਿਆਸ ਤੇ ਹੁਣ ਰਾਵੀ ਦਰਿਆ। ਵਾਰ ਵਾਰ ਵਾਪਰ ਜਾਣ ਵਾਲੀ ਮੁਸੀਬਤ ਦਾ ਕੋਈ ਹੱਲ ਕੱਢਣਾ ਚਾਹੀਦਾ ਹੈ।ਤਾਂ ਜੋ ਅੱਗੇ ਜਾ ਕੇ ਕਿਸੇ ਦੂਸਰੇ ਇਲਾਕੇ ਵਿਚ ਇਹੋ ਜਿਹੀਆਂ ਕੋਈ ਨੁਕਸਾਨ ਨਾ ਹੋਵੇ। ਇਹ ਸਰਕਾਰਾਂ ਦੀ ਜਿੰਮੇਵਾਰੀ ਬਣਦੀ ਸੀ। ਪਰ ਸਰਕਾਰਾਂ ਨੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਤਾਂ ਹੀ ਅੱਜ ਪੰਜਾਬ ਦੇ ਗੁਰਦਾਸਪੁਰ ਇਲਾਕੇ ਰਾਵੀ ਦਰਿਆ ਵਿੱਚ ਇਹ ਹਾਲਾਤ ਹਨ ।ਇਸ ਦੀ ਕਿਤੇ ਨਾ ਕਿਤੇ ਜਿੰਮੇਵਾਰ ਸਰਕਾਰ ਦੀ ਵੀ ਹੈ। ਜੋ ਪੈਸਾ ਹੁਣ ਪਿੰਡਾਂ ਦੇ ਵਸੇਬੇ ਵਾਸਤੇ ਖਰਚ ਹੋਵੇਗਾ ਉਹ ਕਿਥੋਂ ਆਵੇਗਾ । ਜੇਕਰ ਪਹਿਲਾਂ ਹੀ ਦਰਿਆਵਾਂ ਨੂੰ ਸਹੀ ਢੰਗ ਨਾਲ ਪੱਕਾ ਕੀਤਾ ਜਾਂਦਾ ਤਾਂ ਅੱਜ ਇਹ ਹਾਲਾਤ ਪੰਜਾਬ ਦੇ ਨਾ ਹੁੰਦੇ। ਸਾਰੀਆਂ ਤਕਨੀਕਾਂ ਮੌਸਮ ਵਿਭਾਗ ਦਰਿਆ ਨਹਿਰੀ ਪਾਣੀਆਂ ਦੇ ਮਹਿਕਮੇ ਸਾਰੇ ਦੇ ਸਾਰੇ ਕਿਤੇ ਨਾ ਕਿਤੇ ਫੇਲ੍ਹ ਹੁੰਦੇ ਨਜ਼ਰ ਆਏ,ਇਸ ਵੱਲ ਵੀ ਸਰਕਾਰ ਨੂੰ ਤਵੱਜੋਂ ਦੇਣ ਦੀ ਜ਼ਰੂਰਤ ਹੈ। ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇਹੋ ਜਿਹੀ ਘਟਨਾ ਦਾ ਸਾਹ-ਮਣਾ ਕਰਨ ਲਈ ਅਸੀਂ ਪਹਿਲਾਂ ਤੋ ਤਿਆਰ ਬਰ ਤਿਆਰ ਰਹੀਏ।



**ਗੁਰਜਿੰਦਰ ਸਿੰਘ ਸਿੱਧੂ**
**ਪਿੰਡ ਖਿੱਚੀਆਂ**
**ਜ਼ਿਲਾ ਗੁਰਦਾਸਪੁਰ**
**ਫੋਨ 062393 31711**

for more news visit:
www.samajweekly.com

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC) ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginismus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ — £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) — £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP — £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) | £19 |
| NURALACO | (IN OINTMENT OR LOTION) | £19 |
| CHILLAGA | (IN OINTMENT OR LOTION) | £19 |
| ARNSTRA | (IN OINTMENT) ... (BED SORES) | £19 |
| BELINFLA | (IN OIL OR OINTMENT) | £19 |
| BELULCE | (IN OIL) ... ULCERS | £19 |
| BRYJOIN | (IN OIL) | £19 |
| CALWOUN | (IN OIL OR OINTMENT) | £19 |
| BURCAN | (IN LOTION OR OINTMENT) | £19 |
| ROUTUM | (IN OINTMENT) | £19 |
| JOINRHU | (IN OIL) | £19 |
| ABSSIL | (IN LOTION) | £19 |
| ITCSUL | (IN OIL) | £19 |
| WARTHU | (IN OIL) ... (WARTS) | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਕੀ ਜਾਣਾ ਮੈ ਕੌਣ

ਜਦੋ ਮੈ ਆਪਣੇ ਬਾਰੇ ਗੱਲ ਕਰਦਾ ਹਾਂ ਤਾਂ ਇਹ ਦੱਸਣਾ ਜਰੂਰੀ ਹੋ ਜਾਂਦਾ ਹੈ ਕਿ ਮੈ ਕੌਣ ਹਾਂ ਕਦੋ ਜੰਮਿਆ ਤੇ ਮੇਰਾ ਜਨਮ ਅਸਥਾਨ ਕੀ ਹੈ ਤੇ ਮੇਰੀ ਜਨਮ ਭੂਮੀ , ਕਰਮ ਭੂਮੀ ਤੇ ਸੁਸਰਾਲ ਭੂਮੀ ਕਿੱਥੇ ਹੈ ਲਿਖਣਾ ਵੀ ਜਰੂਰੀ ਬਣਦਾ ਹੈ । ਮੈ ਕੋਣ ਹਾਂ? ਮੈ ਘੁਮਿਆਰੇ ਵਾਲੇ ਸੇਠ ਹਰਗੁਲਾਲ ਦੇ ਵੱਡੇ ਲੜਕੇ ਸ੍ਰੀ ਉਮ ਪ੍ਰਕਾਸ ਦਾ ਵੱਡਾ ਮੁੰਡਾ ਹਾਂ। ਉਹ ਹਰਿਆਣੇ ਵਿੱਚ ਮਾਲ ਪਟਵਾਰੀ ਸਨ। ਲੋਕ ਉਹਨਾ ਨੂੰ ਸੇਠੀ ਸਾਹਿਬ ਹੀ ਕਹਿੰਦੇ ਸਨ। ਪਟਵਾਰੀ ਤੋਂ ਤਰੱਕੀ ਕਰਦੇ ਕਰਦੇ ਉਹ ਕੰਨੂਨਗੋ (ਗਿਰਦਾਵਰ) ਸਦਰ ਕੰਨੂਨਗੋ ਤੇ ਨਾਇਬ ਤਹਿਸੀਲਦਾਰ ਬਣ ਗਏ ਪਰ ਲੋਕ ਅਕਸਰ ਉਹਨਾ ਨੂੰ ਪਟਵਾਰੀ ਸਾਹਿਬ ਹੀ ਆਖਦੇ।। ਪਟਵਾਰੀ ਸਾਹਿਬ ਆਖਣ ਤੇ ਉਹ ਬਹੁਤ ਖੁਸਓ ਵੀ ਹੁੰਦੇ। ਕਿਉਕਿ ਪਟਵਾਰੀ ਉਹਨਾ ਦਾ ਅਤੀਤ ਸੀ ਤੇ ਅਤੀਤ ਨਾਲ ਜੁੜਿਆ ਬੰਦਾ ਕਦੇ ਹੰਕਾਰੀ ਨਹੀ ਹੋ ਸਕਦਾ। ਇਸ ਤੋ ਇਲਾਵਾ ਮੈ ਆਪਣੀਆਂ ਅਗਲੀਆਂ ਪੀੜੀਆਂ ਸ੍ਰੀ ਹਰਗੁਲਾਲ ਵਲਦ ਸ੍ਰੀ ਤੁਲਸੀ ਰਾਮ ਵਲਦ ਜਗਤ ਰਾਮ ਵਲਦ ਕਰਕ ਚੰਦ ਵਲਦ ਨੋਧਾ ਮੱਲ ਦਾ ਵੀ ਜਿਕਰ ਕਰਨਾ ਵੀ ਜਰੂਰੀ ਸਮਝਦਾ ਹਾਂ।

ਮੈ ਕਦੇ ਵੀ ਆਪਣੀ ਰੱਬ ਵਰਗੀ ਮਾਂ ਪੁਸਪਾ ਰਾਣੀ ਉਰਫ ਕਰਤਾਰ ਕੋਰ ( ਪੇਕਿਆ ਦੀ ਬੀਬੀ ਭੈਣ) ਨੂੰ ਨਹੀ ਭੁੱਲ ਸਕਦਾ। ਤੇ ਨਾ ਹੀ ਆਪਣੀ ਵੱਡੀ ਭੈਣ ਪਰਮਜੀਤ ਬਹਿਨੋਈ ਸ੍ਰੀ ਕਾਹਨ ਚੰਦ ਤੇ ਭਰਾ ਅਸੋਕ ਸੇਠੀ ਧੀਆਂ ਵਰਗੀ ਭਰਜਾਈ ਸੁਨੀਤਾ ਦਾ ਬਾਰੇ ਦੱਸਣੋ ਰਹਿ ਸਕਦਾ ਹਾਂ। ਆਪਣੇ ਚਾਚਾ ਮੰਗਲ ਚੰਦ ਸਣੇ ਆਪਣੀਆਂ ਦੋਨੇ ਭੂਆ ਮਾਇਆ ਰਾਣੀ ਤੇ ਸਰੁਸਤੀ ਦੇਵੀ ਤੇ ਫੁਫੜ ਸ੍ਰੀ ਬਲਦੇਵ ਸਿੰਘ ਸ੍ਰੀ ਪ੍ਰੀਤਮ ਸਿੰਘ ਪਾਪਾ ਜੀ ਦੀਆਂ ਭੂਆਂ ਸੋਧਾਂ, ਸਾਵੋ, ਭਗਵਾਨੋ ਤੇ ਰਾਜ ਕੁਰ ਦਾਦਾ ਜੀ ਜੀ ਦੀ ਭੂਆ ਬਿਸ਼ਨੀ ਤੇ ਫੁਫੜ ਬਾਬਾ ਸਾਵਨ ਸਿੰਘ ਦੀ ਚਰਚਾ ਕਰਨੀ ਜਰੂਰੀ ਸਮਝਦਾ ਹਾਂ॥ਨਾਨਕਿਆ ਵਿੱਚ ਨਾਨਾ ਸ੍ਰੀ ਲੇਖ ਰਾਮ ਸਚਦੇਵ ਮਾਮੇ ਸ਼ਾਦੀ ਰਾਮ, ਕੁੰਦਨ ਲਾਲ ਬਾਬੂ ਰਾਮ ਬਿਹਾਰੀ ਲਾਲ ਤੇ ਸਰਦਾਰੀ ਲਾਲ , ਮਾਸੀਆਂ ਸੰਤੋ ,ਤਾਰੋ, ਵਿੱਦਿਆ, ਤੇ ਨਿੱਕੀ ਮਾਸੀ ਬਾਰੇ ਵੀ ਅਕਸਰ ਮੈ ਦੱਸਦਾ ਹੀ ਰਹਿੰਦਾ ਹਾਂ। ਇਸ ਤੋ ਇਲ-ਾਵਾ ਵੀ ਬਹੁਤ ਸਾਰੇ ਸਬੰਧੀਆਂ ਦੋਸਤਾਂ ਗੁਆਢੀਆਂ ਸਹਿ ਪਾਠੀਆਂ, ਸਹਿ ਕਰਮੀਆਂ ਜਿੰਨਾ ਨਾਲ ਮੈ ਜਿੰਦਗੀ ਦਾ ਘੋਲ ਘੁਲਿਆ ਦੀਆਂ ਵੀ ਗੱਲਾਂ ਕਰਦਾ ਹਾਂ।ਤੇ ਆਹੀ ਸਵੈ ਜੀਵਨੀ ਹੁੰਦੀ ਹੈ।

ਜਨਮ ਦਿਨ ਦੀ ਗੱਲ ਕਰੀਏ ਤਾਂ ਮੇਰਾ ਜਨਮ 14 ਦਿਸੰਬਰ 1960 ਨੂੰ ਮੇਰੇ ਨਾਨਕੇ ਪਿੰਡ ਬਾਦੀਆਂ (ਸ੍ਰੀ ਮੁਕਤਸਰ ਸਾਹਿਬ) ਵਿੱਚ ਹੋਇਆ । ਮੇਰੇ ਮਾਮੇ ਬਿਹਾਰੀ ਲਾਲ ਨੇ ਮੇਰਾ ਲਾਡ ਦਾ ਨਾਮ ਡੀ ਸੀ ਰੱਖਿਆ। ਸਾਰੇ ਮੈਨੂੰ ਇਸੇ ਨਾਮ ਨਾਲ ਹੀ ਬਲਾਉਂਦੇ। ਬਚਪਣ ਵਿੱਚ ਤਾਂ ਵਧੀਆ ਲੱਗਦਾ ਸੀ। ਫਿਰ ਵਿਆਹ ਤੋਂ ਬਾਦ ਵੀ ਮਾਮੇ ਮਾਸੀਆਂ ਤੇ ਗੁਆਢਣਾਂ ਇਸੇ ਨਾਮ ਨਾਲ ਬਲਾਉਂਦੇ। ਕਈ ਵਾਰੀ ਹੋਰੋ ਜਿਹੇ ਲੱਗਦਾ ਫਿਰ ਖੋਰੇ ਲੋਕੀ ਹੋਲੀ ਹੋਲੀ ਮੇਰਾ ਇਹ ਨਾਮ ਭੁੱਲ ਗਏ। ਤੇ ਫਿਰ ਸਾਰੇ ਰਮੇਸ਼ ਹੀ ਆਖਣ ਲੱਗ ਪਏ।ਮੇਰੀ ਸਕੂਲੀ ਪੜ੍ਹਾਈ ਦੋਰਾਨ ਮੇਰੀ ਪਹਿਲੀ ਟੀਚਰ ਜੀਤ ਭੈਣਜੀ, ਬਲਵਿੰਦਰ ਭੈਣਜੀ, ਮਾਸਟਰ ਜ਼ੋਰਾ ਸਿੰਘ, ਬੰਤਾ ਸਿੰਘ ਤੇ ਰਾਜ ਕੁਮਾਰ ਬਾਗਲਾ, ਹੈਡਮਾਸਟਰ ਗੁਰ-ਚਰਨ ਸਿੰਖ ਮੁਸਾਫਿਰ ਤੇ ਸ੍ਰੀ ਰਜਿੰਦਰ ਸਿੰਘ ਸਚਦੇਵਾ ਦਾ ਬਹੁਤ ਰੋਲ ਰਿਹਾ। ਕਾਲਜ ਵਿੱਚ ਮੈਨੂੰ ਪ੍ਰੋਫੈਸਰ ਏ ਆਰ ਅਰੋੜਾ ਤੇ ਕੇ ਬੀ ਸ਼ਰਮਾਂ ਨੇ ਬਹੁਤ ਮਾਣ ਬਖਸਿਆ।ਬਹੁਤ ਹੀਲੇ ਕਰਨ ਦੇ ਬਾਵਜੂਦ ਮੈ ਪੰਜਾਬ ਯੂਨੀਵਰਸਿਟੀ ਤੋਂ ਬੀ ਕੌਮ ਹੀ ਕਰ ਸਕਿਆ। ਅੱਗੇ ਦੀ ਪੜਾਈ ਮੇਰੇ ਲਿਖੀ ਹੀ ਨਹੀ ਸੀ। ਮੈ ਦਾਦਕੇ ਪਰਿਵਾਰ ਦਾ ਪਹਿਲਾ ਗਰੇਜੂਏਟ ਬਣਿਆ। ਨੋਕਰੀ ਦੋਰਾਨ ਮੇਰੇ ਪਹਿਲੇ ਬੋਸ ਹਰਬੰਸ ਸਿੰਘ ਸੈਣੀ ਨੇ ਮੈਨੂੰ ਬਹੁਤ ਕੁਝ ਸਿਖਾਇਆ।ਉਹ ਅਸੂਲਾਂ ਦੇ ਪੱਕੇ ਸਨ।ਤੇ ਚੰਗੇ ਪ੍ਰਸਾਸਕ ਸਨ। ਇਸ ਤੋ ਇਲਾਵਾ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬਲਬੀਰ ਸਿੰਘ ਸੂਦਨ ਤੇ ਸ੍ਰੀ ਪਰਮਜੀਤ ਸਿੰਘ ਨੇ ਵੀ ਅਪਨੱਤ ਦਾ ਅਹਿਸਾਸ ਕਰਵਾਇਆ।

ਮੈ ਆਪਣੇ ਵਿਆਹ ਬਾਰੇ ਇੰਨਾ ਕੁ ਹੀ ਲਿਖ ਸਕਦਾ ਹਾਂ ਕਿ ਜਦੋ ਮੇਰੇ ਰਿਸ਼ਤੇ ਦੀ ਗੱਲ ਚੱਲੀ ਤਾਂ ਮੁੱਖ ਰੂਪ ਵਿੱਚ ਖਾਨਦਾਨ ਕੁੜਮ ਕਬੀਲਾ ਦੇਖਿਆ ਗਿਆ। ਦੇਣ ਲੇਣ, ਪੇਂਡੂ ਸਹਿਰੀ ਤੇ ਸਰਕਾਰੀ ਨੋਕਰੀ ਵਾਲੀ ਕੋਈ ਵੀ ਗੱਲ ਮੁੱਖ ਮੁੱਦਾ ਨਹੀ ਸੀ। । ਬਸ ਵਿਚੋਲਣ ਮੇਰੀ ਮਾਂ ਦੇ ਨਾਨਕਿਆਂ ਵਿਚੋਂ ਮੇਰੀ ਮਾਸੀ ਦੀ ਜਗਾਹ ਲੱਗਦੀ ਸੀ ਤੇ ਮੇਰੀ ਹਮਸਫਰ ਦੀ ਮਾਮੀ ਲੱਗਦੀ ਸੀ।ਇਹ ਗੱਲ ਹੀ ਰਿਸ਼ਤੇ ਦਾ ਮੁੱਢ ਸੀ। ਬੇਟਾ ਇਕੱਲੀ ਇਕੱਲੀ ਧੀ ਹੈ ਮਾਪਿਆਂ ਦੀ । ਸੁਖ ਨਾਲ ਸੱਸ ਸਹੁਰਾ ਵੀ ਹਨ। ਪੂਰੇ ਲਾਡ ਲਡਾਉਣਗੇ। ਚਾਰ ਸਾਲੇ ਹਨ ਡਾਗਾਂ ਵਰਗੇ।ਮੇਰੀ ਮਾਂ ਨੇ ਮੈਨੂੰ ਸਮਝਾਇਆ। ਉਹਨਾ ਦਿਨਾਂ ਵਿੱਚ ਰਿਸ਼ਤਾ ਕਰਨ ਵੇਲੇ ਹੋਰ ਗੱਲਾਂ ਤੋ ਪਹਿਲਾਂ ਕੁੜਮ ਕਬੀਲਾ ਤੇ ਸਰੀਕੇ ਨੂੰ ਪਹਿਲ ਦਿੱਤੀ ਜਾਂਦੀ ਸੀ। ਮੇਰੇ ਸਹੁਰਿਆਂ ਦਾ ਕੁਨਬਾ ਬਹੁਤ ਵੱਡਾ ਸੀ ਤੇ ਸਾਰਾ ਹੀ ਮਾਸਟਰ ਭਾਈਚਾਰਾ ਸੀ। ਇਹ ਇੱਕ ਬਹੁਤ ਵੱਡੀ ਗੱਲ ਸੀ।ਤੇ ਦੂਜੀ ਗੱਲ ਮੇਰੀ ਸੱਸ ਗੱਗੜ ਪਿੰਡ ਦੇ ਬੱਬਰਾਂ ਦੀ ਧੀ ਸੀ ।ਗੱਗੜ ਆਲੇ ਬੱਬਰਾਂ ਦਾ ਵੀ ਬਹੁਤ ਵੱਡਾ ਖਾਨਦਾਨ ਹੈ । ਅੱਜ ਕੱਲ ਬਹੁਤੇ ਬੱਬਰ ਪਰਿਵਾਰ ਮੇਰੇ ਸਹਿਰ ਮੰਡੀ ਡੱਬਵਾਲੀ ਰਹਿੰਦੇ ਹਨ।ਮੇਰੇ ਪਾਪਾ ਜੀ ਨੇ ਵੀ ਇਸ ਗੱਲ ਨੂੰ ਬਹੁਤ ਵੱਡੀ ਯੋਗਤਾ ਮੰਨਿਆ। ਮੇਰੇ ਸਹੁਰਾ ਸਾਹਿਬ ਸ੍ਰੀ ਬਸੰਤ ਰਾਮ ਗਰੋਵਰ ਦਾ ਸੁਭਾਅ ਦੇਵਤਿਆਂ ਵਰਗਾ ਸੀ ਤੇ ਉਸ ਵਿੱਚ ਕੋਈ ਵਲ ਫਰੇਬ ਨਹੀ ਸੀ। ਖੁੱਲਕੇ ਹੱਸਣ ਵਾਲਾ ਰਿਸ਼ਤਿਆਂ ਦੀ ਕਦਰ ਕਰਨ ਵਾਲਾ ਤੇ ਮੋਹ ਪਿਆਰ ਦਾ ਅਨੰਦ ਲੁਟਣ ਵਾਲਾ ਸੱਚਾ ਸੁੱਚਾ ਇਨਸਾਨ ਸੀ ਉਹ। ਉਹ ਧੀ ਭੈਣ ਤੇ ਭੂਆ ਦਾ ਦਿਲੋ ਸਤਿਕਾਰ ਕਰਨ ਵਾਲਾ ਸਖਸ ਸੀ।ਆਪਣੀ ਮੇਹਨਤ ਨਾਲ ਬਣਿਆ ਇਨਸਾਨ ਬਹੁਤਿਆਂ ਦਾ ਪ੍ਰੇਰਨਾ ਸਰੋਤ ਤੇ ਮਾਰਗ ਦਰਸਕ ਵੀ ਸੀ। ਮੇਰੀਹਮਸਫਰ ਸਰੋਜ ਰਾਣੀ ਬੇਟੇ ਲਵਗੀਤ ਤੇ ਨਵਗੀਤ, ਭਤੀਜੇ ਵਿਪਨਗੀਤ ਤੇ ਸੰਗੀਤ, ਭਾਣਜੇ ਦੀਪਕ ਮੁਕੇਸ ਤੇ ਭਾਣਜੀ ਜੋਤੀ ਦਾ ਨਾਮ ਮੇਰੀਆਂ ਲਿਖਤਾਂ ਵਿੱਚ ਅਕਸਰ ਆਉਂਦਾ ਹੈ। ਪੁੱਤਰਾਂ ਭਤੀਜਿਆਂ ਤੇ ਭਾਣਜਿਆਂ ਚ ਮੈ ਕਦੇ ਬਹੁਤਾ ਫਰਕ ਨਹੀ ਕੀਤਾ। ਮੈ ਭਾਣਜਿਆਂ ਦੇ ਹਿੱਤ ਲਈ ਸਕੁਣੀ ਵਰਗਾ ਮਾਮਾ ਬਨਣ ਦੀ ਕੋਸਿਸ ਕੀਤੀ ਹੈ। ਮੇਰੀ ਹਮਸਫਰ ਦੀ ਜਨਮਦਾਤੀ ਪੂਰਨਾ ਦੇਵੀ ਤੇ ਬਾਬੁਲ ਸ੍ਰੀ ਬਸੰਤ ਰਾਮ ਦਾ ਵੀ ਮੈ ਕਦੇ ਸੁਕਰਾਨਾ ਕਰਨਾ ਨਹੀ ਭੁੱਲਦਾ।ਜਿੰਨਾ ਨੇ ਆਪਣੀ ਕੁੱਖ ਦੀ ਜਾਈ ਸਰਕਾਰੀ ਨੋਕਰੀ ਕਰਦੀ ਧੀ ਪਾਲ ਪੋਸ ਕੇ ਮੇਰੇ ਲੜ੍ਹ ਲਾ ਦਿੱਤੀ ਤੇ ਮੈਨੂੰ ਘਰਬਾਰ ਵਾਲਾ ਬਣਾ ਦਿੱਤਾ। ਮੇਰਾ ਵਿਆਹ ਉਮਰ ਦੇ ਪੰਝੀਵੇ ਸਾਲ ਵਿੱਚ 24 ਮਾਰਚ 1985 ਨੂੰ ਹੋਇਆ। ਮੇਰੇ ਸਹੁਰੇ ਪਿੰਡ ਵਿੱਚ ਸਨ ।ਉਹਨਾ ਨੂੰ ਸ਼ਹਿਰੀ ਹਵਾ ਨਹੀ ਸੀ ਲੱਗੀ। ਇਸ ਲਈ ਮੋਹ ਦੀਆਂ ਤੰਦਾ ਮਜਬੂਤ ਸਨ।ਰਿਸਤਿਆਂ ਦੀ ਅਪਨੱਤ ਤੇ ਕਦਰ ਸੀ। ਰਿਸ਼ਤਾ ਹੋਣ ਵੇਲੇ ਹੀ ਵਿਚੋਲਣ ਦੀ ਨਲਾਇਕੀ ਤੇ ਅਣਜਾਣਪੁਣੇ ਕਾਰਨ ਕਈ ਗਲਤ ਫਹਿਮੀਆਂ ਪੈਦਾ ਹੋ ਗਈਆ। ਗੱਲ ਕਈ ਵਾਰੀ ਵਿਗੜਦੀ ਵਿਗੜਦੀ ਬਚੀ। । ਸ਼ਰਾਫਤ ਤੇ ਸਚਾਈ ਨਾਲ ਦੋਹਾਂ ਧਿਰਾਂ ਵਲੋਂ ਉਲਝੀ ਤਾਣੀ ਨੂੰ ਸੁਲਝਾ ਲਿਆ ਗਿਆ । ਕਈ ਬੈਠਕਾਂ ਤੋਂ ਬਾਅਦ ਚਾਹੇ ਵਿਆਹ ਸਿਰੇ ਚੜ੍ਹ ਹੀ ਗਿਆ ਪਰ ਇਸਨੇ ਇੱਕ ਅਵਿਸਵਾਸ ਦਾ ਬੀ ਬੀਜ ਦਿੱਤਾ ਜਿਸਦਾ ਖਮਿਆਜਾ ਸਾਰੀ ਉਮਰ ਦੋਹਾਂ ਪਰਿਵਾਰਾਂ ਨੂੰ ਭੁਗਤਣਾ ਪਿਆ। ਰਿਸ਼ਤਿਆਂ ਦੀ ਡੋਰ ਵਿੱਚ ਪਈ ਗੰਢ ਚਾਹੇ ਮਿਟ ਗਈ ਪਰ ਨਿਸ਼ਾਂਨ ਅਜੇ ਬਾਕੀ ਸੀ। ਇਹ ਹੀ ਮੇਰੀ ਜਿੰਦਗੀ ਦਾ ਕੋੜਾ ਅਧਿਆਏ ਬਣ ਗਿਆ।

ਇੱਕ ਸੜਕ ਦੁਰਘਟਨਾ ਵਿੱਚ ਮੇਰੇ ਪਾਪਾ ਜੀ ਸਦਾ ਲਈ ਚਲੇ ਗਏ ਤੇ ਨੋ ਕੁ ਸਾਲ ਅਸੀ ਮੇਰੀ ਮਾਂ ਦੇ ਆਸਰੇ ਹਵਾ ਚ ਉਡਦੇ ਰਹੇ। ਮਾਂ ਨੇ ਕਦੇ ਵੀ ਪਾਪਾ ਦੀ ਕਮੀ ਮਹਿਸੂਸ ਨਾ ਹੋਣ ਦਿੱਤੀ। ਪਰ 16 ਫਰਬਰੀ 2012 ਨੂੰ ਮੇਰੇ ਮਾਤਾ ਜੀ ਵੀ ਇਸ ਸੰਸਾਰ ਤੋਂ ਰੁਖਸਤ ਹੋ ਗਏ। ਮੇਰੇ ਲਈ ਇਹ ਬਹੁਤ ਭਾਰੀ ਸਦਮਾ ਸੀ ਕਿਉਕਿ ਇਸ ਤੋ ਤਿੰਨ ਦਿਨ ਪਹਿਲਾ 13 ਫਰਬਰੀ ਨੂੰ ਮੇਰੀ ਭੈਣ ਦਾ ਸੁਹਾਗ, ਸਾਡੇ ਘਰ ਦਾ ਤਾਜ ਸਾਨੂੰ ਵਿਲਕਦਿਆਂ ਨੂੰ ਸਦਾ ਲਈ ਛੱਡ ਗਿਆ ਸੀ। ਮੇਰੇ ਸਹੁਰਾ ਸਾਹਿਬ ਦਾ 2008 ਵਿੱਚ ਰੁਖਸਤ ਹੋਣਾ ਵੀ ਇਕ ਕਾਰਨ ਬਣਿਆ । ਇਸ ਤਰਾਂ ਲਗਾਤਾਰ ਵੱਡਿਆਂ ਦੇ ਛਾਂਵੇ ਦੇ ਅਲੋਪ ਹੋ ਜਾਣ ਕਾਰਣ ਮੇਰੇ ਤੇ ਦੁੱਖਾਂ ਦਾ ਪਹਾੜ ਟੁਟ ਪਿਆ। ਮੈ ਆਪਣੇ ਆਪ ਨੂੰ ਮੇਲੇ ਚ ਗੁੰਮੇ ਬਾਲ ਵਾਂਗੂ ਮਹਿਸੂਸ ਕਰਨ ਲੱਗਾ। ਇਸ ਨਾਲ ਜੀਵਨ ਵਿੱਚ ਨਿਰਾਸ਼ਾ ਦਾ ਵੱਧਣਾ ਲਾਜਮੀ ਸੀ ।

ਮੇਰੇ ਸਹੁਰਾ ਸਾਹਿਬ ਨੇ ਆਪਣੇ ਚਾਰੇ ਮੁੰਡਿਆਂ ਨੂੰ ਸੁਰੂ ਵਿੱਚ ਹੀ ਸਮਾਜ ਵਿੱਚ ਆਪਣੀ ਮਰਜੀ ਨਾਲ ਵਿਚਰਨ ਦੀ ਪੂਰੀ ਅਜਾਦੀ ਦੇ ਦਿੱਤੀ ਤੇ ਇੱਕ ਬਾਪ ਵਾਲਾ ਕੰਟਰੋਲ ਵੀ ਛੱਡ ਦਿੱਤਾ। ਜਿਸਦਾ ਖਮਿਆਜਾ ਉਹਨਾ ਦੇ ਜਾਣ ਤੋਂ ਬਾਦ ਵਿੱਚ ਮੇਰੀ ਸੱਸ ਨੂੰ ਤੇ ਸਾਨੂੰ ਦੋਹਾਂ ਜੀਆਂ ਨੂੰ ਭੁਗਤਨਾ ਪਿਆ। ਮੇਰੇ ਸਾਲਿਆਂ ਨਾਲ ਮੇਰੀ ਖੱਟਪੱਟ ਹੋ ਗਈ। ਆਪਣੀ ਹਾਉਮੇ, ਪੈਸੇ ਤੇ ਰੁਤਬੇ ਦੇ ਹੰਕਾਰ ਤੇ ਸੋਚ ਸਿਰਫ ਆਪਣੀ ਹੀ ਔਲਾਦ ਤੱਕ ਸੀਮਤ ਹੋਣ ਕਰਕੇ ਉਹਨਾ ਨੇ ਮੋਹ ਦੀਆਂ ਤੰਦਾ ਤੋੜ ਦਿੱਤੀਆਂ। ਨਾਜੁਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਖੋਰਾ ਲਾਉਣਾ ਸੁਰੂ ਕਰ ਦਿੱਤਾ। ਸਭ ਤੋ ਵੱਡੀ ਗੱਲ ਉਹਨਾ ਚਾਰਾ ਨੇ ਏਕਾ ਕਰ ਲਿਆ ਤੇ ਸਕੀ ਭੈਣ ਦੇ ਖਿਲਾਫ ਮੋਰਚਾ ਖੋਲ੍ਹ ਲਿਆ। 2010 ਤੋਂ ਬਾਦ ਮੇਰੇ ਪਾਰਵਾਰਿਕ ਜੀਵਨ ਨੂੰ ਨਰਕਮਈ ਬਣਾ ਦਿੱਤਾ। ਤੇ ਮੈ ਪੰਜ ਛੇ ਸਾਲ ਜਿੰਦਗੀ ਤੋਂ ਖਫਾ ਰਿਹਾ। ਇਹ ਸਮਾਂ ਮੇਰੀ ਜਿੰਦਗੀ ਦੇ ਕਾਲੇ ਦਿਨਾਂ ਦੀ ਦਾਸਤਾਨ ਬਣ ਗਿਆ।

ਇਸ ਨਿਰਾਸ਼ਾ ਦੇ ਆਲਮ ਵਿੱਚ ਮੈ ਆਪਣਾ ਰੁੱਖ ਸਾਹਿਤ ਵੱਲ ਮੋੜ ਲਿਆ। ਮਨ ਵਿੱਚ ਲਿਖਣ ਵਾਲਾ ਕੀੜਾ ਤਾਂ ਸੂਰੂ ਤੋ ਹੈਗਾ ਹੀ ਸੀ। ਕਲਮ ਨੂੰ ਦਿਲ ਦਾ ਹਮਰਾਜ ਬਣਾ ਲਿਆ। ਪੁਰਾਣੀਆਂ ਲਿਖਤਾਂ ਇਕੱਠੀਆਂ ਕੀਤੀਆਂ ਤੇ ਗਮ_ ਏ_ ਜਿਗਰ ਨੂੰ ਕਾਗਜ ਤੇ ਉਲੀਕਿਆ। ਬੱਚਿਆਂ ਦੀ ਹੱਲਾ ਸੇਰੀ ਨਾਲ ਸੰਨ 2013 ਮੇਰਾ ਪਹਿਲ ਕਹਾਣੀ ਸੰਗ੍ਰਹਿ ਇੱਕ ਗੰਧਾਰੀ ਹੋਰ ਪਾਠਕਾਂ ਦੀ ਕਚਿਹਰੀ ਵਿੱਚ ਆਇਆ। ਜਿਸ ਨੇ ਬਹੁਤ ਨਾਮਣਾ ਖੱਟਿਆਂ। ਅਖਬਾਰਾਂ ਰਸਾਲਿਆਂ ਵਿੱਚ ਮੇਰੇ ਲੇਖ ਕਹਾਣੀਆਂ ਛਪਣ ਲੱਗੇ। 2015 ਵਿੱਚ ਹੀ ਮੇਰਾ ਦੂਜਾ ਕਹਾਣੀ ਸੰਗ੍ਰਹਿ ਕਰੇਲਿਆਂ ਵਾਲੀ ਆਂਟੀ ਆਇਆ। ਜਿਸਨੂੰ ਪਾਠਕ ਵਰਗ ਨੇ ਹੱਥੋ ਹੱਥ ਲਿਆ। ਫਿਰ 2016 ਵਿੱਚ ਮੇਰੀ ਸਵੈ ਜੀਵਨੀ ਦੇ ਅੰਸ ਬਾਬੇ ਹਰਗੁਲਾਲ ਦੀ ਹੱਟੀ ਪਾਠਕਾਂ ਦੀ ਪਸੰਦ ਬਣੀ। ਤੀਜੇ ਕਹਾਣੀ ਸੰਗ੍ਰਹਿ 149 ਮਾਡਲ ਟਾਊਣ ਤੋਂ ਬਾਦ ਬਾਬੇ ਹਰਗੁਲਾਲ ਦੀ ਹੱਟੀ ਦਾ ਭਾਗ ਦੂਜਾ ਨੂੰ ਵੀ ਚੰਗਾ ਹੁੰਗਾਰਾ ਮਿਲਿਆ। ਇੱਕ ਮਿੰਨੀ ਕਹਾਣੀਆਂ ਦੀ ਕਿਤਾਬ ਡਵਾਂਸ ਲੋਕ ਵੀ ਅੱਧ ਪਚੱਧ ਤਿਆਰ ਹੈ।ਹੋ ਸਕਦਾ ਹੈ ਜਲਦੀ ਪਾਠਕਾਂ ਦੀ ਕਚਿਹਰੀ ਵਿੱਚ ਪੇਸ਼ ਕੀਤੀ ਜਾ ਸਕਦੀ ਹੈ। ਇਹ ਸਫਰ ਸਾਹਾਂ ਦੀ ਡੋਰ ਤੱਕ ਚਲਦਾ ਰਹੇਗਾ। ਹਾਂ ਜੀਵਨ ਦੇ ਕੁਝ ਅਜਿਹੇ ਪਹਿਲੂਆਂ ਦਾ ਜਿਕਰ ਕਰਨ ਤੋਂ ਗੁਰੇਜ਼ ਕੀਤਾ ਹੈ ਜਿਸ ਨਾਲ ਕਿਸੇ ਦੀਆ ਭਾਵਨਾਵਾਂ ਆਹਤ ਹੁੰਦੀਆਂ ਹੋਣ। ਮਿਰਚਾਂ ਵਰਗਾ ਸੱਚ ਬੋਲਕੇ ਕਿਸੇ ਨੂੰ ਦੁਖੀ ਵੀ ਨਹੀ ਕੀਤਾ ਜਾ ਸਕਦਾ। ਕੀ ਜਾਣਾ ਮੈ ਕੋਣ ਦਾ ਮਕਸਦ ਸਮਾਜ ਨੂੰ ਸਕਾਰਾਤਮਿਕ ਸੇਧ ਦੇਣਾ ਹੈ ਨਾ ਕਿ ਗਲਤ ਨੀਤੀਆਂ ਦਾ ਪ੍ਰਚਾਰ ਕਰਨਾ।

ਊਂ ਗੱਲ ਆ ਇੱਕ।



**ਰਮੇਸ਼ ਸੇਠੀ ਬਾਦਲ**

# ਕਲਾਕਾਰ ਬੱਚੇ



ਕਲਾਕਾਰੀ ਕੁਦਰਤ ਦੇ, ਬਣਾਏ ਬੱਚੇ ਕਲਾਕਾਰ ਹੀ ਹੁੰਦੇ। ਬਿਲਕੁਲ ਭੋਲੇ,ਨਿਰਛਲ, ਉਸ ਦੇ ਨਾਲ ਜੁੜੇ ਨੇ ਹੁੰਦੇ। ਥੋੜਾ ਥੋੜਾ ਪੁਸ਼ਤੈਨੀ, ਪ੍ਰਭਾਵ ਹੈ ਪੈਂਦਾ। ਰੋਣਾ, ਰੁੱਸਣਾ, ਹੱਸਣਾ ਮਨ ਮੋਹ ਲੈਂਦਾ। ਫੋਮ ਵਾਲੀਆਂ ਸੀਟਾਂ ਝਰੀਟਦੇ, ਆਪਣੇ ਵੱਲੋਂ, ਮੋਜੇਕ ਬਣਾਈ ਜਾਂਦੇ। ਫੜ ਕੇ ਪਲਾਸਟਿਕ ਕੁਰਸੀਆਂ ਘਸੀਟਦੇ,ਖੌਰੂ, ਸਾਰਾ ਦਿਨ, ਪਾਈ ਜਾਂਦੇ। ਕੰਧਾਂ ਕਾਪੀਆਂ ਤੇ, ਚਿੱਤਰ ਉਲੀਕੀ ਜਾਂਦੇ,ਪੈਨ ਪੈਨਸਿਲ,ਜਦੋਂ ਹੱਥ ਆਵੇ। ਉਹ ਨ੍ਹੀਂ ਚਾਹੁੰਦੇ, ਉਨ੍ਹਾਂ ਦੀ ਕਾਰੀਗਰੀ ਵਿੱਚ, ਕੋਈ ਵਿਘਨ ਪਾਵੇ। ਜਿਉਂ ਵੱਡੇ ਹੋਈ ਜਾਂਦੇ, ਸ਼ਰਾਰਤਾਂ ਵਿੱਚ, ਇਨ੍ਹਾਂ ਦਾ ਨਾਂ ਕੋਈ ਸਾਨੀ।ਫ਼ਰਸ਼ ਤੇ, ਇਧਰ ਉਧਰ ਦੌੜਾਂ ਲਾਵੇ, ਤਿਲਕ ਜਾਵੇ, ਖਤਰੇ ਵਿੱਚ, ਪੈਂਦੀ ਜ਼ਿੰਦਗਾਨੀ।ਇਹ ਕੁਝ ਕਰਨ ਤੋਂ ਬਾਅਦ,ਮੈਟ ਤੇ ਬੈਠ ਜਾਵੇ।ਚੱਪਲ ਮਾਰ ਕੇ, ਯੋਗਾ ਕਰਦੀ ਜਾਵੇ। ਨਾਲੇ ਸਾਡੇ ਵੱਲ, ਝਾਕ ਕੇ ਸ਼ਰਮਾਵੇ। ਕੁੱਟ ਇਨ੍ਹਾਂ ਨੂੰ ਬਿਲਕੁਲ ਨ੍ਹੀਂ ਭਾਉਂਦੀ, ਕੁੱਟ ਵਾਲੇ ਤੋਂ ਦੂਰ ਭੱਜ ਜਾਵੇ। ਅਚਾਨਕ ਉੱਠੇ, ਕੋਈ ਖਾ ਪੀ ਰਿਹਾ ਹੋਵੇ, ਉਸ ਵੱਲ ਦੌੜ ਲਗਾਵੇ। ਘਰ ਵਿੱਚ ਸਾਰੇ ਜੀਆਂ ਦਾ, ਹਰ ਸਮੇਂ ਦਿਲ ਲਗਾਵੇ। ਬੱਚਾ ਘਰ ਵਿੱਚ, ਬਹੁਤ ਜਰੂਰੀ, ਸਾਰੀਆਂ ਚਿੰਤਾਵਾਂ ਦਾ ਹੱਲ ਕਰਾਵਾਵੇ।ਭਾਵੇਂ ਤੁਸੀਂ ਫਿਕਰ ਉਸ ਦਾ ਕਰਦੇ, ਉਸ ਨਾਲ ਕੀਤਾ ਲਾਡ, ਚਿੰਤਾਵਾਂ ਵਿੱਚੋਂ ਕੱਢ ਹਸਾਵੇ। ਰੱਬ ਨਾਲੋਂ ਰਿਸ਼ਤਾ ਟੁੱਟਦਾ, ਧਰਤੀ ਦੇ ਬੰਦਿਆਂ, ਨਾਲ ਵੱਧ ਜਾਵੇ। ਵੱਡੀ ਹੋ ਕੇ, ਜਦੋਂ ਰੱਬ ਦੀ ਹੋਂਦ ਦਾ, ਗਿਆਨ ਹੋਊ, ਬਿਨ ਪਾਣੀ ਮੱਛੀ ਵਾਂਗੂੰ, ਤੜਫ ਵਧ ਜਾਣੀ, ਫਿਰ ਗੁਰੂ ਨਾਲ ਜੁੜ ਜਾਣਾ। ਵਿਰਾਸਤ ਵਾਲੀ ਪੂੰਜੀ, ਮਾਂ ਪਿਓ ਕੋਲੋਂ, ਸੰਗਤ ਵਿੱਚੋਂ, ਸਮਾਜ ਕੋਲੋਂ, ਕੀਤੀ ਗ੍ਰਹਿਣ,ਨੇ ਕੰਮ ਆਣਾ। ਮਾੜੀ ਸੰਗਤ ਦਾ ਪਰਛਾਵਾਂ ਵੀ, ਪੈਂਦਾ ਕਦੀ ਕਦੀ, ਜ਼ਿੰਦਗੀ ਦਾ, ਉਲਟੇ ਗੇੜ੍ਹ ਚ ਪਾਵੇ। ਸਾਰੇ ਮਾਪਿਆਂ ਦੀ, ਇੱਛਾ ਹੁੰਦੀ, ਬੱਚਾ ਵੱਡਾ ਹੋ ਕੇ, ਉਨ੍ਹਾਂ ਦਾ ਨਾਂਅ ਚਮਕਾਵੇ। ਫੋਨ ਅਤੇ ਟੀਵੀ ਉਸ ਵਾਸਤੇ, ਸਭ ਦੇਖਣਾ ਮਨਾ ਹੈ, ਜਦੋਂ ਵੀ ਕੋਲੋਂ ਲੰਘੇ, ਝੱਟ ਬੰਦ ਕਰ ਦੇਈਏ। ਉਸ ਦੀ,ਭਵਿੱਖ ਦੀ ਆਦਤ ਨੂੰ, ਮੁੱਠੀ ਵਿੱਚ ਸਮਾਈਏ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ–ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**

# ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਵਿਚਕਾਰ ਵੱਧਦਾ ਫਾਸਲਾ

ਪਿਛਲੇ ਕੁਝ ਸਾਲਾਂ ਵਿੱਚ ਸਿੱਖਿਆ ਮਾਹਿਰਾਂ ਅਤੇ ਵਿਦਿਆਰਥੀ ਇੱਕ ਦੂਜੇ ਦੇ ਖਿਲਾਫ ਵੱਧਦੇ ਫਾਸਲੇ ਦਾ ਸਾਹ-ਮਣਾ ਕਰ ਰਹੇ ਹਨ, ਜਿਵੇਂ ਕਿ ਦੇਸ਼ ਭਰ ਦੇ ਸਕੂਲ੍ਹਾਂਵਿੱਚ ਇੱਕ ਵਧਦਾ ਫਾਸਲਾ ਉੱਭਰ ਰਿਹਾ ਹੈ। ਇਹ ਪਾੜਾ ਜੋ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਤਕਨਾਲੋਜੀਆਂ, ਬਦਲਦੇ ਸਮਾਜਿਕ ਨਿਯਮਾਂ ਅਤੇ ਵਿਕਸਤ ਹੁੰਦੀਆਂ ਸਿੱਖਿਆ ਦੀਆਂ ਉਮੀਦਾਂ ਦੁਆਰਾ ਪ੍ਰੇਰਿਤ ਹੈ ਸਿੱਖਣ ਅਤੇ ਸਿਖਾਉਣ ਲਈ ਮਹੱਤਵਪੂਰਨ ਚੁਣੌਤੀਆਂ ਪੈਦਾ ਕਰਦਾ ਹੈ।

**ਡਿਜੀਟਲ ਫਾਸਲਾ**

ਇੱਕ ਸਭ ਤੋਂ ਪ੍ਰਮੁੱਖ ਕਾਰਕ ਜੋ ਇਸ ਵਧਦੇ ਫਾਸਲੇ ਵਿੱਚ ਯੋਗਦਾਨ ਦੇ ਰਿਹਾ ਹੈ ਉਹ ਹੈ ਡਿਜੀਟਲ ਸਿੱਖਿਆ। ਅੱਜ ਦੇ ਵਿਦਿਆਰਥੀ ਜਿਨ੍ਹਾਂ ਨੂੰ ਅਕਸਰ "ਡਿਜੀਟਲ ਨਿਵਾਸੀ" ਕਿਹਾ ਜਾਂਦਾ ਹੈ, ਇੱਕ ਐਸੇ ਯੁੱਗ ਵਿੱਚ ਵੱਡੇ ਹੋਏ ਹਨ ਜੋ ਤਕਨਾਲੋਜੀ ਨਾਲ ਭਰਪੂਰ ਹੈ। ਉਹ ਸੋਸ਼ਲ ਮੀਡੀਆ, ਆਨਲਾਈਨ ਗੇਮਿੰਗ ਅਤੇ ਵੱਖ-ਵੱਖ ਡਿਜੀਟਲ ਪਲੇਟਫਾਰਮਾਂ ਵਿੱਚ ਨਿਪੁੰਨ ਹਨ। ਇਸਦੇ ਵਿਰੁੱਧ, ਬਹੁਤ ਸਾਰੇ ਅਧਿਆਪਕ ਖਾਸ ਕਰਕੇ ਉਹ ਅਧਿਆਪਕ ਜਿਹਨਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਤਕਨਾਲੋਜੀ ਦੇ ਬੂਮ ਤੋਂ ਪਹਿਲਾਂ ਕੀਤੀ—ਨਵੀਨਤਮ ਟੂਲਾਂ ਅਤੇ ਰੁਝਾਨਾਂ ਨਾਲ ਸਾਂਝ ਪਾਉਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ। ਨੈਸ਼ਨਲ ਐਡੂਕੇਸ਼ਨ ਐਸੋਸੀਏਸ਼ਨ (ਓਅ) ਦੁਆਰਾ ਕੀਤੇ ਗਏ ਹਾਲੀਆ ਸਰਵੇਖਣ ਦੇ ਅਨੁਸਾਰ 60% ਤੋਂ ਜ਼ਿਆਦਾ ਅਧਿਆਪਕਾਂ ਨੇ ਰਿਪੋਰਟ ਕੀਤਾ ਕਿ ਉਹ ਆਪਣੇ ਪਾਠਾਂ ਵਿੱਚ ਤਕਨਾਲੋਜੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕਰਨ ਲਈ ਤਿਆਰ ਨਹੀਂ ਮਹਿਸੂਸ ਕਰਦੇ। ਇਸ ਕਮੀ ਕਾਰਨ ਦੋਹਾਂ ਪੱਖਾਂ 'ਤੇ ਨਿਰਾਸ਼ਾ ਉੱਭਰ ਸਕਦੀ ਹੈ, ਕਿਉਂਕਿ ਵਿਦਿਆਰਥੀ ਉਸ ਸਮੇਂ ਬੇਪਰਵਾਹ ਹੋ ਸਕਦੇ ਹਨ ਜਦੋਂ ਪਾਠ ਉਨ੍ਹਾਂ ਦੇ ਡਿਜੀਟਲ ਜੀਵਨਸ਼ੈਲੀ ਨਾਲ ਜੁੜੇ ਨਹੀਂ ਹੁੰਦੇ।

**ਬਦਲਦੀਆਂ ਸੰਚਾਰ ਸ਼ੈਲੀਆਂ**

ਵਿਦਿਆਰਥੀਆਂ ਦੇ ਸੰਚਾਰ ਕਰਨ ਦਾ ਢੰਗ ਵੀ ਨਾਟਕੀ ਤੌਰ 'ਤੇ ਬਦਲ ਗਿਆ ਹੈ। ਟੈਕਸਟਿੰਗ ਅਤੇ ਤੁਰੰਤ ਸੁਨੇਹੇ ਭੇਜਣ ਦੇ ਚੜ੍ਹਦੇ ਰੁਝਾਨ ਨਾਲ, ਬਹੁਤ ਸਾਰੇ ਨੌਜਵਾਨ ਲੋਕ ਪਰੰਪਰਾਗਤ ਮੁਖ-ਮੁਖਾਬਲਾ ਜਾਂ ਈਮੇਲਾਂ ਦੇ ਮੁਕਾਬਲੇ ਛੋਟੀਆਂ, ਗੈਰ-ਰਾਸਮੀ ਗੱਲਬਾਤਾਂ ਨੂੰ ਤਰਜੀਹ ਦਿੰਦੇ ਹਨ। ਅਧਿਆਪਕ ਜੋ ਅਕਸਰ ਹੋਰ ਪਰੰਪਰਾਗਤ ਸੰਚਾਰ ਦੇ ਢੰਗ 'ਤੇ ਨਿਰਭਰ ਕਰਦੇ ਹਨ, ਵਿਦਿਆਰਥੀਆਂ ਨਾਲ ਜੁੜਨ ਵਿੱਚ ਔਖ ਮਹਿਸੂਸ ਕਰ ਸਕਦੇ ਹਨ।

ਸਿੱਖਿਆ ਮਨੋਵਿਗਿਆਨੀ ਦੱਸਦੇ ਹਨ ਕਿ "ਸੰਚਾਰ ਸ਼ੈਲੀਆਂ ਵਿੱਚ ਪੀੜ੍ਹੀਵਾਰ ਫਾਸਲਾ ਸਮਝਦਾਰੀ ਅਤੇ ਵਿਅਕਤੀਗਤ ਅਨੁਭਵਾਂ ਨੂੰ ਪੈਦਾ ਕਰ ਸਕਦਾ ਹੈ। ਜਦੋਂ ਵਿਦਿਆਰਥੀਆਂ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀਆਂ ਆਵਾਜ਼ਾਂ ਨਹੀਂ ਸੁਣੀਆਂ ਜਾਂਦੀਆਂ ਜਾਂ ਸਮਝੀਆਂ ਜਾਂਦੀਆਂ, ਤਾਂ ਇਹ ਬੇਪਰਵਾਹੀ ਅਤੇ ਵਿਵਹਾਰਕ ਮੁੱਦਿਆਂ ਦੀਆਂ ਚਿੰਤਾਵਾਂ ਦਾ ਕਾਰਨ ਬਣ ਸਕਦਾ ਹੈ।"

**ਬਦਲਦੀਆਂ ਸਿੱਖਿਆ ਦੀਆਂ ਉਮੀਦਾਂ**

ਇਸ ਤੋਂ ਇਲਾਵਾ, ਸਿੱਖਿਆ ਦੀਆਂ ਉਮੀਦਾਂ ਵੀ ਬਦਲ ਰਹੀਆਂ ਹਨ। ਅੱਜ ਦੇ ਵਿਦਿਆਰਥੀਆਂ ਨੂੰ ਨਾ ਸਿਰਫ ਅਕਾਦਮਿਕ ਤੌਰ 'ਤੇ ਵਧੀਆ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਸਗੋਂ ਉਹਨਾਂ ਨੂੰ ਨਿਰਣਾਇਕ ਸੋਚ, ਭਾਵਨਾਤਮਕ ਬੁੱਧੀ ਅਤੇ ਅਨੁਕੂਲਤਾ ਵਿਕਸਤ ਕਰਨ ਦੀ ਵੀ ਉਮੀਦ ਕੀਤੀ ਜਾਂਦੀ ਹੈ। ਸਿੱਖਿਆ ਦੇ ਇਸ ਬਹੁ-ਪੱਖੀ ਦ੍ਰਿਸ਼ਟੀਕੋਣ ਨੇ ਅਧਿਆਪਕਾਂ 'ਤੇ ਵਾਧੂ ਦਬਾਅ ਪੈਦਾ ਕੀਤਾ ਹੈ, ਜੋ ਪਾਠਕ੍ਰਮਾਂ ਦੀਆਂ ਲੋੜਾਂ ਅਤੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਦੀ ਲੋੜਾਂ ਨੂੰ ਸੰਤੁਲਿਤ ਕਰਨ ਲਈ ਕੰਮ ਕਰਨਾ ਚਾਹੁੰਦੇ ਹਨ।

ਸਿੱਖਿਆ ਸਿਖਲਾਈ ਇੰਸਟਿਟਿਊਟ ਦੀ ਇੱਕ ਰਿਪੋਰਟ ਦਰਸਾਉਂਦੀ ਹੈ ਕਿ ਜਦੋਂ ਕਿ 85% ਅਧਿਆਪਕ ਮੰਨਦੇ ਹਨ ਕਿ ਉਹ ਅਕਾਦਮਿਕ ਸਮੱਗਰੀ ਸਿਖਾਉਣ ਲਈ ਤਿਆਰ ਹਨ, ਕੇਵਲ 40% ਮਹਿਸੂਸ ਕਰਦੇ ਹਨ ਕਿ ਉਹ ਸਮਾਜਿਕ-ਭਾਵਨਾ ਸਿਖਾਈ ਦੇਣ ਲਈ ਪ੍ਰਭਾਵਸ਼ਾਲੀ ਹਨ। ਇਹ ਅੰਤਰ ਵਿਦਿਆਰਥੀਆਂ ਨੂੰ ਮਹਿਸੂਸ ਕਰਵਾ ਸਕਦਾ ਹੈ ਕਿ ਉਹਨਾਂ ਦਾ ਸਮਰਥਨ ਨਹੀਂ ਕੀਤਾ ਜਾ ਰਿਹਾ।

**ਜਮਾਤ ਦੀਆਂ ਗਤੀਵਿਧੀਆਂ 'ਤੇ ਪ੍ਰਭਾਵ**

ਵੱਧਦਾ ਫਾਸਲਾ ਜਮਾਤ ਦੀਆਂ ਗਤੀਵਿਧੀਆਂ ਵਿੱਚ ਵੀ ਦਿਖਾਈ ਦੇ ਰਿਹਾ ਹੈ। ਅਧਿਆਪਕ ਮਨੋਵਿਗਿਆਨਿਕ ਸੁਭਾਅ ਦੇ ਮੁੱਦਿਆਂ ਅਤੇ ਵਿਦਿਆਰਥੀਆਂ ਤੋਂ ਵਧਦੀ ਬੇਪਰਵਾਹੀ ਦੇ ਵਧਦੇ ਕੇਸਾਂ ਦੀ ਰਿਪੋਰਟ ਕਰ ਰਹੇ ਹਨ, ਜਦੋਂ ਕਿ ਵਿਦਿਆਰਥੀਆਂ ਨੇ ਮਹਿਸੂਸ ਕੀਤਾ ਹੈ ਕਿ ਉਹਨਾਂ ਦੀ ਵਿਚਾਰਧਾਰਾ ਨੂੰ ਕੀਮਤੀ ਨਹੀਂ ਸਮਝਿਆ ਜਾਂਦਾ। ਵਿਦਿਆਰਥੀਆਂ ਅਨੁਸਾਰ ਕਈ ਵਾਰੀ ਇਹ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੇ ਅਧਿਆਪਕ ਸਿਰਫ ਇਹ ਨਹੀਂ ਸਮਝਦੇ ਕਿ ਵਿਦਿਆਰਥੀ ਕਿੰਨਾਂ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਨ।"

ਇਸ ਮੁੱਦੇ ਦਾ ਸਾਹਮਣਾ ਕਰਨ ਲਈ, ਕੁਝ ਸਕੂਲ ਪ੍ਰੋਗ੍ਰਾਮ ਲਾਗੂ ਕਰ ਰਹੇ ਹਨ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਵਧੀਆ ਸੰਚਾਰ ਅਤੇ ਸਮਝ ਬਣਾਉਣ 'ਤੇ ਕੇਂਦ੍ਰਿਤ ਹਨ। ਸਮਾਨ-ਸਤਹ ਮੈਨਟਰਿੰਗ, ਸਹਿ-ਯੋਜਨਾ ਪ੍ਰੋਜੈਕਟ ਅਤੇ ਨਿਯਮਿਤ ਫੀਡਬੈਕ ਸੈਸ਼ਨਾਂ ਵਰਗੇ ਉਪਰਾਲੇ ਇਸ ਫਾਸਲੇ ਨੂੰ ਪੁੱਟਣ ਅਤੇ ਵਿਦਿਆਰਥੀ ਅਤੇ ਅਧਿਆਪਕ ਦੇ ਵਿਚਕ-ਾਰ ਸੁਖਾਲੇ ਵਾਤਾਵਰਨ ਬਣਾਉਣ ਲਈ ਡਿਜ਼ਾਈਨ ਕੀਤੇ ਗਏ ਹਨ।

**ਭਵਿੱਖ ਵੱਲ ਦੇਖਣਾ**

ਜਿਵੇਂ ਕਿ ਸਿੱਖਿਆ ਮਾਹਰ ਅਤੇ ਵਿਦਿਆਰਥੀ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਹ ਸਾਫ਼ ਹੈ ਕਿ ਵਧਦੇ ਫਾਸਲੇ ਦਾ ਸਾਹਮਣਾ ਕਰਨ ਲਈ ਸਿੱਖਿਆ ਪ੍ਰਣਾਲੀ ਦੇ ਹਰ ਪੱਖ ਤੋਂ ਇਕੱਠੇ ਹੋ ਕੇ ਕੋਸ਼ਿਸ਼ ਕਰਨ ਦੀ ਲੋੜ ਹੈ। ਤਕਨਾਲੋਜੀ ਇੰਟੀਗ੍ਰੇਸ਼ਨ, ਸੰਚਾਰ ਰਣਨੀਤੀਆਂ ਅਤੇ ਸਮਾਜਿਕ-ਭਾਵਨਾ ਸਿਖਾਈ 'ਤੇ ਕੇਂਦ੍ਰਿਤ ਪੇਸ਼ਾਵਰ ਵਿਕਾਸ ਪ੍ਰੋਗ੍ਰਾਮ ਅਧਿਆਪਕਾਂ ਨੂੰ ਉਹਨਾਂ ਦੇ ਵਿਦਿਆਰਥੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੁੜਨ ਲਈ ਲੋੜੀਂਦੇ ਟੂਲਾਂ ਨਾਲ ਸਜਾਇਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਆਪਸੀ ਤਾਲਮੇਲ ਅਤੇ ਸਮਝ ਬਣਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਇੱਕ ਦੂਜੇ ਦੇ ਨਜ਼ਰੀਏ ਨੂੰ ਮੰਨ ਕੇ ਅਤੇ ਸਾਂਝੇ ਟੀਚਿਆਂ ਵੱਲ ਮਿਲ ਕੇ ਕੰਮ ਕਰਕੇ ਦੋਵੇਂ ਪੱਖ ਇੱਕ ਸੁਖਦਾਈ ਅਤੇ ਉਤਪਾਦਕ ਸਿੱਖਣ ਵਾਲਾ ਵਾਤਾਵਰਨ ਬਣਾਉਣ 'ਚ ਯੋਗਦਾਨ ਦੇ ਸਕਦੇ ਹਨ।

ਜਿਸ ਯੁੱਗ ਵਿੱਚ ਸਿੱਖਿਆ ਪਹਿਲਾਂ ਤੋਂ ਵੀ ਜ਼ਿਆਦਾ ਮਹੱਤਵਪੂਰਣ ਹੈ ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਫਾਸਲੇ ਨੂੰ ਘਟਾਉਣਾ ਨਾ ਸਿਰਫ ਲਾਭਦਾਇਕ ਹੈ ਬਲਕਿਇਹ ਭਵਿੱਖ ਦੇ ਆਗੂਆਂ ਨੂੰ ਵਿਕਸਤ ਕਰਨ ਲਈ ਅਹਿਮ ਹੈ। ਜਦੋਂ ਦੋਵੇਂ ਪੱਖ ਇੱਕ ਦੂਜੇ ਨਾਲ ਮਿਲ ਕੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ ਉਸ ਸਮੇਂ ਇਹ ਆਸ਼ਾ ਜਗਦੀ ਹੈ ਕਿ ਜਮਾਤ ਸਿੱਖਣ ਤੇ ਸਿਖਲਾਈ ਦੇ ਬਹੁਤ ਵਧੀਆ ਸਥਾਨ ਬਣ ਸਕਦੇ ਹਨ।

ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਫਾਸਲਾ ਵੱਧ ਸਕਦਾ ਹੈ ਪਰੰਤੂ ਪਹਿਲਾਂ ਤੋਂ ਹੀ ਕੋਸ਼ਿਸ਼ ਅਤੇ ਚੰਗੀਆਂ ਨੀਤੀਆਂ ਲਾਗੂ ਕਰਕੇ ਇਸ ਪਾੜੇ ਨੂੰ ਘੱਟ ਕਰਨ ਦੀ ਇੱਛਾ ਨਾਲ ਇਸ ਚੁਣੌਤੀ ਨੂੰ ਵਿਕਾਸ ਅਤੇ ਸੰਪਰਕ ਲਈ ਇੱਕ ਮੌਕੇ ਵਿੱਚ ਬਦਲਣਾ ਸੰਭਵ ਹੈ। ਮੌਜੂਦਾ ਯੁਗ ਵਿੱਚ ਜਦੋਂ ਅਸੀਂ ਸਿੱਖਿਆ ਦੇ ਭਵਿੱਖ ਵੱਲ ਦੇਖ ਰਹੇ ਹਾਂ ਤਾਂ ਇਹ ਜਰੂਰੀ ਹੈ ਕਿ ਪੀੜ੍ਹੀਆਂ ਵਿਚਕਾਰ ਸਮਝ ਬਣਾਉਣਾ ਸਾਡੇ ਸਿੱਖਣ ਸਿਖਾਉਣ ਦੀ ਪੂਰੀ ਸੰਭਾਵਨਾ ਨੂੰ ਖੋਲ੍ਹਣ ਲਈ ਕੁੰਜੀ ਹੋਵੇਗਾ।



**ਸੁਰਿੰਦਰਪਾਲ ਸਿੰਘ ਵਿਗਿਆਨ ਅਧਿਆਪਕ ਸ੍ਰੀ ਅੰਮ੍ਰਿਤਸਰ ਸਾਹਿਬ। ਪੰਜਾਬ।**

Namo Buddhaye



DHAMMA WAVES

Jai Bheem



Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com

Follow Us : www.Dhammawaves.com Dhammawaves
E-mail : dhammawaves.info@gmail.com







Venerable Bhikkhu Dr. Dharma Priya

Dhamma Desna By : Venerable Bhikkhu Dr. Dharma Priya

Topic: "Living by the Five Precepts in the 21st Century

इक्कीसवीं सदी में पाँच उपदेशों के अनुसार जीवन जीना
ਇੱਕੀਵੀਂ ਸਦੀ ਵਿੱਚ ਪੰਜ ਸਿੱਖਿਆਵਾਂ ਅਨੁਸਾਰ ਜੀਵਨ ਜੀਉਣਾ

Topic: Update On Buddh Gaya Movement

बुद्ध गया आंदोलन का अद्यतन



Sunday Sept. 14th,25 at 8 Pm Indian Time

Live on Facebook

## Guest Speaker: Mr. Akash Lama

# ਬਾਂਦਰ ਵੰਡ ਦੀ ਨਵੀਂ ਕਹਾਣੀ...

## ਬਾਂਦਰ ਵੰਡ ਦੀ ਨਵੀਂ ਕਹਾਣੀ, ਬਿੱਲੀਆਂ ਦਾ ਬਣਦਾ ਹੱਕ ਦੁਆਵਾਂਗੇ... ਬਾਂਦਰ ਦਾ ਵੱਡਾ ਬਿਆਨ (ਇੱਕ ਵਿਅੰਗ)

**ਸਮਾਜ ਵੀਕਲੀ ਯੂ ਕੇ-** ਚੌਥੀ ਕਲਾਸ ਵਿੱਚ "ਬਾਂਦਰ ਵੰਡ" ਦੀ ਕਹਾਣੀ ਪੜ੍ਹੀ ਸੀ ਕਿ ਦੋ ਬਿੱਲੀਆਂ ਨੂੰ ਇਕ ਰੋਟੀ ਮਿਲੀ, ਬਾਂਦਰ ਨੇ ਕਿਹਾ ਲਿਆਓ ਮੈਂ ਤੁਹਾਨੂੰ ਬਰਾਬਰ ਵੰਡ ਦਿੰਦਾ ਹਾਂ। ਚਲਾਕ ਤੇ ਬੇਈਮਾਨ ਬਾਂਦਰ, ਕਦੀ ਇਕ ਪਾਸਿਓਂ, ਕਦੀ ਦੂਜੇ ਪਾਸਿਓਂ, ਤਕੜੀ ਦਾ ਪਲੜਾ ਬਰਾਬਰ ਕਰਨ ਦੇ ਬਹਾਨੇ ਰੋਟੀ ਤੋੜ ਤੋੜ ਖਾਂਦਾ ਰਿਹਾ ਤੇ ਸਾਰੀ ਰੋਟੀ ਖਾ ਗਿਆ, ਬਿੱਲੀਆਂ ਬਾਂਦਰ ਦਾ ਮੂੰਹ ਹੀ ਦੇਖਦੀਆਂ ਰਹਿ ਗਈਆਂ। ਪਰ ਹੁਣ ਸਟੋਰੀ ਬਦਲ ਗਈ ਹੈ, ਬਾਂਦਰ ਇਮਾਨਦਾਰ ਹੋ ਗਏ ਹਨ, ਉਹ ਬਿੱਲੀਆਂ ਨੂੰ ਕਹਿੰਦੇ ਹਨ ਕਿ ਤੁਸੀਂ ਘਰੇ ਰਹੋ, ਸਾਨੂੰ ਪਤਾ ਰੋਟੀ ਕਿਥੋਂ ਮਿਲਦੀ ਹੈ, ਅਸੀਂ ਤੁਹਾਡੇ ਲਈ ਰੋਟੀ



ਲਿਆਵਾਂਗੇ, ਬਸ ਤੁਸੀਂ ਇਸ ਕਾਗਜ਼ ਉਤੇ ਪੰਜਾ ਲਾ ਦਿਓ ਤੇ ਬਿੱਲੀਆਂ ਨੇ ਰੋਟੀ ਦੇ ਲਾਲਚ ਵਿਚ ਪੰਜਾ ਲਾ ਦਿੱਤਾ। ਬੱਸ ਫਿਰ ਕੀ ਸੀ! ਬਾਂਦਰ ਨੇ ਰੋਟੀ ਲਈ, ਦੋ ਬਿੱਲੀਆਂ ਲਈ ਦੋ ਬੁਰਕੀਆਂ ਰੱਖ ਕੇ ਬਾਕੀ ਸਾਰੀ ਰੋਟੀ ਖਾ ਗਿਆ! ਦੋ ਬੁਰਕੀਆਂ ਖਾ ਕੇ ਵੀ ਬਿੱਲੀਆਂ ਨੇ ਬਾਂਦਰ ਤੇ ਰੋਟੀਆਂ ਭੇਜਣ ਵਾਲੇ ਦਾਨੀ ਨੂੰ ਜੁੱਗ ਜੁੱਗ ਜਿਊਣ ਦੀ ਅਸੀਸ ਦਿੱਤੀ!

...... **ਹਰਮੇਸ਼ ਜੱਸਲ**

**(ਹੜ੍ਹ ਪੀੜਤਾਂ ਨੂੰ ਦਿੱਤੀ ਜਾ ਰਹੀ ਮਾਲੀ ਰਾਹਤ ਦੇ ਸਨਮੁੱਖ ਮਿੰਨੀ ਕਹਾਣੀ, ਜੇ ਸੱਚ ਸਮਝਦੇ ਹੋ ਤਾਂ ਅੱਗੇ ਸ਼ੇਅਰ ਜਰੂਰ ਕਰਦੋ)**

# ਫਰਾਂਸ ਵਿੱਚ ਵਧਦੀ ਹਿੰਸਾ : ਕਾਰਣ, ਅਸਰ ਅਤੇ ਭਵਿੱਖ ਦੀ ਦਿਸ਼ਾ

ਫਰਾਂਸ, ਜਿਸਨੂੰ ਆਜ਼ਾਦੀ, ਸਮਾਨਤਾ ਅਤੇ ਭਰਾਤਰੀ ਭਾਵਨਾ ਦੇ ਨਾਰੇ ਨਾਲ ਜਾਣਿਆ ਜਾਂਦਾ ਹੈ, ਅੱਜ ਆਪਣੇ ਅੰਦਰੋਂ ਹੀ ਇਕ ਵੱਡੀ ਉਥਲ-ਪੁਥਲ ਦਾ ਸਾਹਮਣਾ ਕਰ ਰਿਹਾ ਹੈ। ਇਹ ਦੇਸ਼, ਜੋ ਯੂਰਪੀ ਮਹਾਦੀਪ ਦਾ ਸਿਆਸੀ ਅਤੇ ਸੱਭਿਆਚਾਰਕ ਕੇਂਦਰ ਮੰਨਿਆ ਜਾਂਦਾ ਹੈ, ਹਾਲੀਆਂ ਦਹਾਕਿਆਂ ਵਿੱਚ ਹਿੰਸਾ, ਪ੍ਰਦਰਸ਼ਨਾਂ ਅਤੇ ਅਸ਼ਾਂਤੀ ਦਾ ਪ੍ਰਤੀਕ ਵੀ ਬਣ ਗਿਆ ਹੈ। ਸੜਕਾਂ 'ਤੇ ਨੌਜਵਾਨਾਂ ਦੀ ਭੀੜ, ਪੁਲਿਸ ਨਾਲ ਝੜਪਾਂ, ਸਾਰਵਜਨਿਕ ਸੰਪਤੀ ਦੀ ਤੋੜਫੋੜ, ਅੱਗਜ਼ਨੀ ਅਤੇ ਅਣਭਰੋਸੇ ਦਾ ਮਾਹੌਲ ਹੁਣ ਇੱਕ ਆਮ ਦ੍ਰਿਸ਼ ਬਣ ਚੁੱਕਾ ਹੈ। ਇਹ ਸਵਾਲ ਖੜ੍ਹਦਾ ਹੈ ਕਿ ਅਖ਼ਿਰ ਫਰਾਂਸ ਵਿੱਚ ਹਿੰਸਾ ਦੇ ਕਾਰਣ ਕੀ ਹਨ ਅਤੇ ਕੀ ਇਸ ਦਾ ਕੋਈ ਹੱਲ ਹੈ?

**ਇਤਿਹਾਸਕ**

ਫਰਾਂਸ ਵਿੱਚ ਪ੍ਰਦਰਸ਼ਨਾਂ ਅਤੇ ਵਿਰੋਧ ਦੀ ਇਕ ਲੰਮੀ ਪਰੰਪਰਾ ਹੈ। 1789 ਦੀ ਮਹਾਨ ਫਰਾਂਸੀਸੀ ਕ੍ਰਾਂਤੀ ਤੋਂ ਲੈ ਕੇ 1968 ਦੇ ਵਿਦਿਆਰਥੀ ਅੰਦੋਲਨਾਂ ਤੱਕ, ਲੋਕਾਂ ਨੇ ਹਮੇਸ਼ਾ ਆਪਣੇ ਹੱਕਾਂ ਲਈ ਲੜਨ ਦੀ ਹਿੰਮਤ ਦਿਖਾਈ ਹੈ। ਪਰ ਅੱਜ ਦੀ ਹਿੰਸਾ ਸਿਰਫ਼ ਲੋਕਤੰਤਰਕ ਵਿਰੋਧ ਦੀ ਗੱਲ ਨਹੀਂ, ਸਗੋਂ ਇਹ ਸਮਾਜਿਕ ਅਤੇ ਆਰਥਿਕ ਅਸਮਾਨਤਾ, ਨਸਲੀ ਭੇਦਭਾਵ ਅਤੇ ਪਹਿਚਾਣ ਦੇ ਸੰਕਟ ਦੀ ਨਿਸ਼ਾਨੀ ਵੀ ਹੈ।

**ਹਿੰਸਾ ਦੇ ਮੁੱਖ ਕਾਰਨ**

1. ਆਰਥਿਕ ਅਸਮਾਨਤਾ ਤੇ ਬੇਰੁਜ਼ਗਾਰੀ

ਫਰਾਂਸ ਦੀ ਅਰਥਵਿਵਸਥਾ ਯੂਰਪ ਦੀਆਂ ਸਭ ਤੋਂ ਮਜ਼ਬੂਤ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ, ਪਰ ਅੰਦਰੂਨੀ ਅਸਮਾਨਤਾ ਡੂੰਘੀ ਹੈ। ਖ਼ਾਸ ਕਰਕੇ ਪਰਵਾਸੀ ਪਰਿਵਾਰਾਂ ਦੇ ਨੌਜਵਾਨ ਬੇਰੁਜ਼ਗਾਰੀ ਦਾ ਸਭ ਤੋਂ ਵੱਧ ਸ਼ਿਕਾਰ ਹਨ। ਸਰਕਾਰੀ ਰਿਪੋਰਟਾਂ ਮੁਤਾਬਕ, ਇਹਨਾਂ ਖੇਤਰਾਂ ਵਿੱਚ ਬੇਰੁਜ਼ਗਾਰੀ ਦਰ ਕਈ ਵਾਰ ਰਾਸ਼ਟਰੀ ਔਸਤ ਤੋਂ ਦੋਗੁਣੀ ਹੁੰਦੀ ਹੈ। ਬਿਨਾਂ ਰੋਜ਼ਗਾਰ ਤੇ ਭਵਿੱਖ ਦੀ ਉਮੀਦ ਤੋਂ ਵਾਂਝੇ ਨੌਜਵਾਨ ਅਕਸਰ ਹਿੰਸਕ ਕਾਰਵਾਈਆਂ ਵੱਲ ਧੱਕੇ ਜਾਂਦੇ ਹਨ।

**2. ਨਸਲੀ ਭੇਦਭਾਵ ਤੇ ਪਰਵਾਸੀ ਸੰਕਟ**

ਫਰਾਂਸ ਵਿੱਚ ਅਫਰੀਕੀ ਅਤੇ ਮੱਧ-ਪੂਰਬੀ ਦੇਸ਼ਾਂ ਤੋਂ ਆਏ ਪਰਵਾਸੀਆਂ ਦੀ ਵੱਡੀ ਗਿਣਤੀ ਵੱਸਦੀ ਹੈ। ਇਹ ਲੋਕ ਅਕਸਰ ਗਰੀਬ ਇਲਾਕਿਆਂ ਵਿੱਚ ਰਹਿੰਦੇ ਹਨ, ਜਿੱਥੇ ਸਰਕਾਰੀ ਸਹੂਲਤਾਂ ਘੱਟ ਹਨ। ਮੁੱਖ ਧਾਰਾ ਸਮਾਜ ਵਿੱਚ ਸ਼ਾਮਲ ਹੋਣ ਵਿੱਚ ਉਹਨਾਂ ਨੂੰ ਅੜਚਣਾਂ ਆਉਂਦੀਆਂ ਹਨ। ਇਸ ਨਾਲ ਉਹ ਆਪਣੇ ਆਪ ਨੂੰ ਦੂਜੇ ਦਰਜੇ ਦਾ ਨਾਗਰਿਕ ਸਮਝਦੇ ਹਨ, ਜਿਸ ਨਾਲ ਅਸੰਤੋਸ਼ ਵੱਧਦਾ ਹੈ।

**3. ਰਾਜਨੀਤਿਕ ਅਸੰਤੋਸ਼**

ਸਰਕਾਰੀ ਸੁਧਾਰ, ਜਿਵੇਂ ਕਿ ਪੈਨਸ਼ਨ ਉਮਰ ਵਧਾਉਣਾ ਜਾਂ ਮਜ਼ਦੂਰੀ ਕਾਨੂੰਨਾਂ ਵਿੱਚ ਤਬਦੀਲੀਆਂ, ਲੋਕਾਂ ਨੂੰ ਗੁੱਸੇ ਵਿੱਚ ਲਿਆਉਂਦੀਆਂ ਹਨ। ਫਰਾਂਸ ਵਿੱਚ ਪ੍ਰਦਰਸ਼ਨ ਕਰਨ ਦੀ ਰਿਵਾਇਤ ਤਾਂ ਪੁਰਾਣੀ ਹੈ, ਪਰ ਹਾਲੀਆਂ ਦਹਾਕਿਆਂ ਵਿੱਚ ਇਹ ਪ੍ਰਦਰਸ਼ਨ ਅਕਸਰ ਹਿੰਸਕ ਰੂਪ ਧਾਰ ਲੈਂਦੇ ਹਨ।

4. ਧਾਰਮਿਕ ਟਕਰਾਅ







ਫਰਾਂਸ ਧਰਮਨਿਰਪੇਖ ਨੀਤੀ ਦਾ ਪਾਲਣ ਕਰਦਾ ਹੈ, ਪਰ ਕਈ ਵਾਰ ਇਹ ਨੀਤੀ ਹੀ ਟਕਰਾਅ ਦਾ ਕਾਰਣ ਬਣਦੀ ਹੈ। ਹਿਜਾਬ ਤੇ ਧਾਰਮਿਕ ਪ੍ਰਤੀਕਾਂ 'ਤੇ ਲਗਾਈਆਂ ਪਾਬੰਦੀਆਂ ਅਕਸਰ ਮੁਸਲਿਮ ਭਾਈਚਾਰੇ ਵਿੱਚ ਗੁੱਸਾ ਪੈਦਾ ਕਰਦੀਆਂ ਹਨ। ਇਸ ਨਾਲ ਸਮਾਜ ਵਿੱਚ ਵੰਡ ਤੇ ਅਣਭਰੋਸਾ ਹੋਰ ਵੱਧਦਾ ਹੈ।

**5. ਨੌਜਵਾਨੀ ਦੀ ਬੇਰੁਖ਼ੀ**

ਨੌਜਵਾਨ, ਜੋ ਦੇਸ਼ ਦਾ ਭਵਿੱਖ ਮੰਨੇ ਜਾਂਦੇ ਹਨ, ਆਪਣੇ ਆਪ ਨੂੰ ਬੇਸਹਾਰਾ ਤੇ ਅਣਸੁਣਿਆ ਮਹਿਸੂਸ ਕਰਦੇ ਹਨ। ਇਹੀ ਕਾਰਣ ਹੈ ਕਿ ਉਹ ਗੈਂਗ-ਸੱਭਿਆਚਾਰ, ਅਪਰਾਧ ਅਤੇ ਤੋੜਫੋੜ ਵੱਲ ਆਕਰਸ਼ਿਤ ਹੋ ਰਹੇ ਹਨ।

**ਹਿੰਸਾ ਦੇ ਅਸਰ**

1. ਸਮਾਜਿਕ ਡਰ ਤੇ ਅਣਭਰੋਸਾ – ਲੋਕਾਂ ਵਿੱਚ ਡਰ ਪੈਦਾ ਹੋ ਰਿਹਾ ਹੈ, ਜਿਸ ਨਾਲ ਸਮਾਜ ਵਿੱਚ ਇਕੱਠ ਕਮਜ਼ੋਰ ਹੋ ਰਿਹਾ ਹੈ

2. ਪੁਲਿਸ ਤੇ ਨਾਗਰਿਕਾਂ ਵਿਚਕਾਰ ਤਣਾਅ – ਹਰ ਪ੍ਰਦਰਸ਼ਨ ਤੋਂ ਬਾਅਦ ਇਹ ਸੰਬੰਧ ਹੋਰ ਖ਼ਰਾਬ ਹੋ ਰਹੇ ਹਨ

3. ਅਰਥਵਿਵਸਥਾ 'ਤੇ ਨੁਕਸਾਨ – ਸੈਰ-ਸਪਾਟਾ ਘਟ ਰਿਹਾ ਹੈ, ਵਪਾਰ ਪ੍ਰਭਾਵਿਤ ਹੋ ਰਿਹਾ ਹੈ।

4. ਅੰਤਰਰਾਸ਼ਟਰੀ ਛਵੀ 'ਤੇ ਅਸਰ – ਫਰਾਂਸ ਦੀ ਸ਼ਾਂਤੀਪ੍ਰਿਯ ਤੇ ਲੋਕਤੰਤਰਕ ਛਵੀ ਨੂੰ ਝਟਕਾ ਲੱਗ ਰਿਹਾ ਹੈ।

ਸਰਕਾਰ ਦੇ ਉਪਾਅ ਤੇ ਚੁਣੌਤੀਆਂ

ਫਰਾਂਸੀਸੀ ਸਰਕਾਰ ਨੇ ਹਿੰਸਾ ਰੋਕਣ ਲਈ ਪੁਲਿਸ ਫੋਰਸ ਵਧਾਈ ਹੈ, ਨਵੇਂ ਕਾਨੂੰਨ ਬਣਾਏ ਹਨ ਅਤੇ ਸਮਾਜਿਕ ਕਾਰਜਕ੍ਰਮ ਸ਼ੁਰੂ ਕੀਤੇ ਹਨ। ਪਰ ਸਿਰਫ਼ ਸੁਰੱਖਿਆ ਨੀਤੀਆਂ ਨਾਲ ਹਾਲਾਤ ਨਹੀਂ ਸੰਭਲ ਰਹੇ। ਵਿਸ਼ੇਸ਼ਗਿਆਨ ਮੰਨਦੇ ਹਨ ਕਿ ਜਦ ਤਕ ਸਮਾਜਿਕ ਅਸਮਾਨਤਾ ਘਟਾਈ ਨਹੀਂ ਜਾਂਦੀ ਅਤੇ ਨੌਜਵਾਨਾਂ ਨੂੰ ਮੌਕੇ ਨਹੀਂ ਦਿੱਤੇ ਜਾਂਦੇ, ਤਦ ਤਕ ਹਿੰਸਾ ਜਾਰੀ ਰਹੇਗੀ।

ਸੰਭਾਵੀ ਹੱਲ

1. ਸਿੱਖਿਆ ਤੇ ਰੋਜ਼ਗਾਰ ਦੇ ਮੌਕੇ – ਗਰੀਬ ਇਲਾਕਿਆਂ ਦੇ ਨੌਜਵਾਨਾਂ ਨੂੰ ਖ਼ਾਸ ਧਿਆਨ ਨਾਲ ਸਿੱਖਿਆ ਤੇ ਨੌਕਰੀਆਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ।

2. ਸਮਾਜਿਕ ਇਕੱਠ – ਪਰਵਾਸੀਆਂ ਨੂੰ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਸਰਕਾਰੀ ਤੇ ਗੈਰ-ਸਰਕਾਰੀ ਯਤਨ ਲਾਜ਼ਮੀ ਹਨ।

3. ਪੁਲਿਸ ਸੁਧਾਰ – ਪੁਲਿਸ ਦੇ ਰਵੱਈਏ ਨੂੰ ਨਰਮ ਤੇ ਪਾਰਦਰਸ਼ੀ ਬਣਾਉਣ ਦੀ ਲੋੜ ਹੈ ਤਾਂ ਜੋ ਭਰੋਸਾ ਮੁੜ ਬਣ ਸਕੇ।

4. ਧਾਰਮਿਕ ਸਮਝੌਤਾ – ਧਾਰਮਿਕ ਆਜ਼ਾਦੀ ਦਾ ਸਤਿਕਾਰ ਕਰਦਿਆਂ ਸਮਾਜ ਵਿੱਚ ਮਿਲਾਪ ਵਧਾਉਣਾ ਲਾਜ਼ਮੀ ਹੈ।

5. ਰਾਜਨੀਤਿਕ ਸੰਵਾਦ – ਸਰਕਾਰ ਨੂੰ ਲੋਕਾਂ ਨਾਲ ਖੁੱਲ੍ਹੇ ਸੰਵਾਦ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਤਾਂ ਜੋ ਉਹਨਾਂ ਦੀਆਂ ਗੱਲਾਂ ਸੁਣੀਆਂ ਜਾ ਸਕਣ।

ਫਰਾਂਸ ਵਿੱਚ ਵਧ ਰਹੀ ਹਿੰਸਾ ਸਿਰਫ਼ ਇਕ ਕਾਨੂੰਨੀ ਸਮੱਸਿਆ ਨਹੀਂ, ਸਗੋਂ ਇਹ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਚੁਣੌਤੀ ਹੈ। ਜੇਕਰ ਫਰਾਂਸ ਆਪਣੇ ਲੋਕਾਂ ਨੂੰ ਸਮਾਨ ਮੌਕੇ ਦੇ ਕੇ, ਪਰਵਾਸੀਆਂ ਨੂੰ ਗਲੇ ਲਗਾ ਕੇ ਅਤੇ ਨੌਜਵਾਨਾਂ ਲਈ ਰਸਤਾ ਖੋਲ੍ਹ ਕੇ ਅੱਗੇ ਵਧਦਾ ਹੈ ਤਾਂ ਇਹ ਦੇਸ਼ ਮੁੜ ਉਸੇ ਸ਼ਾਂਤੀ ਅਤੇ ਇਕਤਾ ਦੇ ਰਾਹ 'ਤੇ ਆ ਸਕਦਾ ਹੈ, ਜਿਸ ਨੇ ਕਦੇ ਦੁਨੀਆ ਨੂੰ ਲੋਕਤੰਤਰ ਦੀ ਪ੍ਰੇਰਣਾ ਦਿੱਤੀ ਸੀ।

ਫਰਾਂਸ ਲਈ ਇਹ ਸਮਾਂ ਹੈ ਕਿ ਉਹ ਆਪਣੇ ਅਤੀਤ ਤੋਂ ਸਿੱਖੇ ਅਤੇ ਭਵਿੱਖ ਲਈ ਇੱਕ ਨਵਾਂ ਸਮਾਜਿਕ ਸੰਬੰਧ ਬਣਾਏ—ਜਿੱਥੇ ਹਰ ਵਿਅਕਤੀ ਨੂੰ ਇੱਜ਼ਤ, ਸਮਾਨਤਾ ਅਤੇ ਮੌਕੇ ਮਿਲਣ। ਨਹੀਂ ਤਾਂ ਇਹ ਹਿੰਸਾ ਦੇਸ਼ ਦੀ ਲੋਕਤੰਤਰਕ ਬੁਨਿਆਦਾਂ ਨੂੰ ਹਿਲਾ ਸਕਦੀ ਹੈ।

**ਗੁਰਬਿੰਦਰ ਗੁਰੀ**
+447951 590424 watsapp

# ਹੱਕਦਾਰ ਬਣੋ, ਲਾਚਾਰ ਨਹੀਂ.....





ਮੰਜੂ ਰਾਇਕਾ
ਭਿੰਡਰਾਂ (ਸੰਗਰੂਰ)

ਜ਼ਿੰਦਗੀ ਵਿੱਚ ਮਨੁੱਖ ਦੇ ਦੋ ਰਸਤੇ ਹੁੰਦੇ ਹਨ ਇੱਕ ਰਾਹ ਹਿੰਮਤ ਦਾ, ਜਿੱਥੇ ਇਨਸਾਨ ਆਪਣੇ ਅਧਿਕਾਰ ਲਈ ਖੜ੍ਹਾ ਹੁੰਦਾ ਹੈ ਅਤੇ ਦੂਜਾ ਰਾਹ ਲਾਚਾਰੀ ਦਾ, ਜਿੱਥੇ ਉਹ ਆਪਣੇ ਹਾਲਾਤਾਂ ਸਾਹਮਣੇ ਹਾਰ ਮੰਨ ਲੈਂਦਾ ਹੈ। ਜੋ ਮਨੁੱਖ ਹੱਕਦਾਰ ਬਣਦਾ ਹੈ, ਉਹ ਮਿਹਨਤ, ਸੱਚਾਈ ਅਤੇ ਹਿੰਮਤ ਦੇ ਰਾਹ 'ਤੇ ਤੁਰਦਾ ਹੈ। ਉਸਨੂੰ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਮੁਸ਼ਕਲ ਦਾ ਸਾਹਮਣਾ ਕਰਨ ਦਾ ਜਜ਼ਬਾ ਹੁੰਦਾ ਹੈ।

ਲਾਚਾਰ ਬਣਨਾ ਆਸਾਨ ਹੈ, ਕਿਉਂਕਿ ਇਸ ਵਿੱਚ ਕਿਸੇ ਮਿਹਨਤ ਦੀ ਲੋੜ ਨਹੀਂ ਹੁੰਦੀ। ਪਰ ਇਹ ਰਾਹ ਮਨੁੱਖ ਨੂੰ ਕਦੇ ਵੀ ਇੱਜ਼ਤ ਨਹੀਂ ਦਿਵਾਉਂਦਾ। ਜਿਹੜਾ ਮਨੁੱਖ ਆਪਣੇ ਹੱਕ ਲਈ ਆਵਾਜ਼ ਉਠਾਉਂਦਾ ਹੈ, ਉਹ ਨਾ ਸਿਰਫ਼ ਆਪਣੇ ਲਈ, ਸਗੋਂ ਸਮਾਜ ਦੇ ਹੋਰ ਲੋਕਾਂ ਲਈ ਵੀ ਪ੍ਰੇਰਣਾ ਬਣਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹੱਕਦਾਰ ਲੋਕਾਂ ਨੇ ਹੀ ਦੁਨੀਆ ਵਿੱਚ ਬਦਲਾਵ ਲਿਆਏ ਹਨ। ਉਹਨਾਂ ਨੇ ਅਨਿਆਇ ਦੇ ਖ਼ਿਲਾਫ਼ ਲੜਕੇ ਸਮਾਜ ਨੂੰ ਨਵੇਂ ਰੰਗ ਬਖ਼ਸ਼ੇ ਹਨ।

ਹੱਕਦਾਰ ਬਣਨ ਲਈ ਸਭ ਤੋਂ ਪਹਿਲਾਂ ਆਪਣੇ ਆਪ 'ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਸਵੈ-ਵਿਸ਼ਵਾਸ ਹੀ ਉਹ ਤਾਕਤ ਹੈ ਜੋ ਮਨੁੱਖ ਨੂੰ ਮੰਜ਼ਿਲ ਤੱਕ ਪਹੁੰਚਾਉਂਦੀ ਹੈ। ਜਿਹੜਾ ਇਨਸਾਨ ਆਪਣੀਆਂ ਯੋਗਤਾਵਾਂ ਨੂੰ ਪਛਾਣਦਾ ਹੈ, ਉਹ ਕਿਸੇ ਵੀ ਮੁਸ਼ਕਲ ਅੱਗੇ ਨਹੀਂ ਝੁਕਦਾ। ਦੂਜੇ ਪਾਸੇ, ਲਾਚਾਰੀ ਉਹ ਜ਼ੰਜੀਰ ਹੈ ਜੋ ਮਨੁੱਖ ਦੇ ਸੁਪਨਿਆਂ ਨੂੰ ਕੈਦ ਕਰ ਲੈਂਦੀ ਹੈ।ਇਸ ਲਈ ਜ਼ਿੰਦਗੀ ਵਿੱਚ ਹਮੇਸ਼ਾ ਹੱਕਦਾਰ ਬਣਨ ਦੀ ਸੋਚ ਰੱਖੋ। ਆਪਣੇ ਹੱਕ ਲਈ ਲੜੋ, ਆਪਣੀ ਆਵਾਜ਼ ਬੁਲੰਦ ਕਰੋ ਅਤੇ ਆਪਣੇ ਸੁਪਨੇ ਸਾਕਾਰ ਕਰੋ। ਲਾਚਾਰੀ ਸਿਰਫ਼ ਨਿਰਾਸ਼ਾ ਦਿੰਦੀ ਹੈ, ਜਦਕਿ ਹੱਕਦਾਰੀ ਇਨਸਾਨ ਨੂੰ ਇੱਜ਼ਤ ਖੁਸ਼ਹਾਲੀ ਅਤੇ ਅਸਲ ਮਕਸਦ ਦਿੰਦੀ ਹੈ।



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**